# ਖ਼ਾਲਸੇ ਦਾ ਗੁਰੂ ਕੌਣ

ਤੱਤ ਗੁਰਮਤਿ ਨਿਰਣੈ

ਲੈ ਕਰਉ ਸਲਾਮੁ ॥ ੩ ॥ ਕਹਤ ਕਬੀਰ ਰਾਮ ਗੁਨ ਗਾਵਉ ॥ ਹਿੰਦੂ ਤੁਰਕ ਦੋਊ ਸਮਝਾਵਉ ॥ ੪ ॥ ੪ ॥ ੧੩ ॥
ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ ੫
ੴ ਸਤਿਗੁਰ ਪ੍ਰਸਾਦਿ ॥ ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ
ਨਿਰਜੀਉ ॥੧॥ ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥ ਬ੍ਰਹਮੁ ਪਾਤੀ ਬਿਸਨੁ ਡਾਰੀ
ਫੂਲ ਸੰਕਰ ਦੇਉ ॥ ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥ ੨ ॥ ਪਾਖਾਨ ਗਢਿ ਕੈ ਮੂਰਤਿ ਕੀਨ੍ਹੀ
ਦੇ ਕੈ ਛਾਤੀ ਪਾਉ ॥ ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥ ਭਾਤੁ ਪਹਿਤਿ ਅਰੁ ਲਾਪਸੀ ਕਰਕਰਾ
ਕਾਸਾਰੁ ॥ ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥ ੪ ॥ ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ
ਨਾਹਿ ॥ ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥ ਆਸਾ ॥ ਬਾਰਹ ਬਰਸ ਬਾਲਪਨ
ਬੀਤੇ ਬੀਸ ਬਰਸ ਕਛੁ ਤਪੁ ਨ ਕੀਓ ॥ ਤੀਸ ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ ॥ ੧ ॥
ਮੇਰੀ ਮੇਰੀ ਕਰਤੇ ਜਨਮੁ ਗਇਓ ॥ ਸਾਇਰੁ ਸੋਖਿ ਭੁਜੰਬਲਇਓ ॥ ੧ ॥ ਰਹਾਉ ॥ ਸੂਕੇ ਸਰਵਰਿ ਪਾਲਿ
ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ ॥ ਆਇਓ ਚੋਰੁ ਤੁਰੰਤਹ ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ ॥ ੨ ॥ ਚਰਨ
ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ ॥ ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ
ਕਰੈ ॥੩॥ ਹਰਿ ਜੀਉ ਕ੍ਰਿਪਾ ਕਰੈ ਲਿਵ ਲਾਵੈ ਲਾਹਾ ਹਰਿ ਹਰਿ ਨਾਮੁ ਲੀਓ ॥ ਗੁਰ ਪਰਸਾਦੀ ਹਰਿ ਧਨੁ ਪਾਇਓ
ਅੰਤੇ ਚਲਦਿਆ ਨਾਲਿ ਚਲਿਓ ॥ ੪ ॥ ਕਹਤ ਕਬੀਰ ਸੁਨਹੁ ਰੇ ਸੰਤਹੁ ਅਨੁ ਧਨੁ ਕਛੂਐ ਲੈ ਨ ਗਇਓ ॥ ਆਈ
ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ ॥੫॥੨॥੧੫॥ ਆਸਾ ॥ ਕਾਹੂ ਦੀਨੇ ਪਾਟ ਪਟੰਬਰ
ਕਾਹੂ ਪਲਘ ਨਿਵਾਰਾ ॥ ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥ ੧ ॥ ਅਹਿਰਖ ਵਾਦੁ ਨ ਕੀਜੈ ਰੇ ਮਨ ॥
ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥ ੧ ॥ ਰਹਾਉ ॥ ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥ ਕਾਹੂ



ਜੈ ਮਨਿ ਭਾਵਤਾ ਹੈ ॥ ੧ ॥ ਰਹਾਉ ॥ ਨਾਰਦ ਸਾਰਦ ਕਰਹਿ ਖਵਾਸੀ ॥ ਪਾਸਿ ਬੈਠੀ ਬੀਬੀ ਕਵਲਾ ਦਾਸੀ
॥ ੨ ॥ ਕੰਠੇ ਮਾਲਾ ਜਿਹਵਾ ਰਾਮੁ ॥ ਸਹੰਸ ਨਾਮੁ ਲੈ ਲੈ ਕਰਉ ਸਲਾਮੁ ॥ ੩ ॥ ਕਹਤ ਕਬੀਰ ਰਾਮ ਗੁਨ ਗਾਵਉ ॥
ਹਿੰਦੂ ਤੁਰਕ ਦੋਊ ਸਮਝਾਵਉ ॥ ੪ ॥ ੪ ॥ ੧੩ ॥
ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ ੫ ੴ ਸਤਿਗੁਰ ਪ੍ਰਸਾਦਿ ॥
ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥ ਭੂਲੀ ਮਾਲਨੀ
ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥ ੧ ॥ ਰਹਾਉ ॥ ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥ ਤੀਨਿ ਦੇਵ
ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥ ੨ ॥ ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥ ਜੇ ਏਹ ਮੂਰਤਿ
ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥ ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥ ਭੋਗਨਹਾਰੇ ਭੋਗਿਆ ਇਸੁ
ਮੂਰਤਿ ਕੇ ਮੁਖ ਛਾਰੁ ॥ ੪ ॥ ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥ ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ
ਕਰਿ ਹਰਿ ਰਾਇ ॥੫॥੧॥੧੪॥ ਆਸਾ ॥ ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ ॥ ਤੀਸ
ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ ॥੧॥ ਮੇਰੀ ਮੇਰੀ ਕਰਤੇ ਜਨਮੁ ਗਇਓ ॥ ਸਾਇਰੁ ਸੋਖਿ
ਭੁਜੰ ਬਲਇਓ ॥ ੧ ॥ ਰਹਾਉ ॥ ਸੂਕੇ ਸਰਵਰਿ ਪਾਲਿ ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ ॥ ਆਇਓ ਚੋਰੁ ਤੁਰੰਤਹ
ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ ॥ ੨ ॥ ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ ॥ ਜਿਹਵਾ
ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ ਕਰੈ ॥ ੩ ॥ ਹਰਿ ਜੀਉ ਕ੍ਰਿਪਾ ਕਰੈ ਲਿਵ ਲਾਵੈ ਲਾਹਾ ਹਰਿ ਹਰਿ
ਨਾਮੁ ਲੀਓ ॥ ਗੁਰ ਪਰਸਾਦੀ ਹਰਿ ਧਨੁ ਪਾਇਓ ਅੰਤੇ ਚਲਦਿਆ ਨਾਲਿ ਚਲਿਓ ॥੪॥ ਕਹਤ ਕਬੀਰ ਸੁਨਹੁ ਰੇ
ਸੰਤਹੁ ਅਨੁ ਧਨੁ ਕਛੂਐ ਲੈ ਨ ਗਇਓ ॥ ਆਈ ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ
॥੫॥੨॥੧੫॥ ਆਸਾ ॥ ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥ ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ
ਪਰਾਰਾ ॥੧॥ ਅਹਿਰਖ ਵਾਦੁ ਨ ਕੀਜੈ ਰੇ ਮਨ ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥੧॥ ਰਹਾਉ ॥ ਕੁਮ੍ਹਾਰੈ ਏਕ ਜੁ
ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥ ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ ॥੨॥ ਸੂਮਹਿ ਧਨੁ

ਉਪਰੋਕਤ ਦੋ ਸਰੂਪਾਂ ਦੇ ੪੭੯ ਅੰਗ ਵਿਚ ਦਰਜ ਪੰਕਤੀ 'ਸਾਇਰੁਸੋਖਿਭੁਜੰਬਲਇਓ' ਦੇ

ਪਦਛੇਦ ਵਿਚ ਅੰਤਰ ਹੈ । ਕਿਸ ਸਰੂਪ ਨੂੰ ਪ੍ਰਮਾਣਿਤ ਮੰਨਿਆ ਜਾਵੇ

ੴ ਸਤਿਗੁਰਪ੍ਰਸਾਦਿ ॥

# ਖ਼ਾਲਸੇ ਦਾ ਗੁਰੂ ਕੌਣ

## ਤੱਤ ਗੁਰਮਤਿ ਨਿਰਣੈ

**ਗੁਰਮਤਿ ਵਿਦਿਆ ਕੇਂਦਰ**
੯੬੫੮ ਗੋਰਵੇ ਡਰਾਈਵ
ਬਰੈਂਪਟਨ, ਓਂਟਾਰੀਓ, ਕਨੇਡਾ
ਫੋਨ: ੯੦੫-੭੯੯-੮੩੮੩

# ਖ਼ਾਲਸੇ
# ਦਾ
# ਗੁਰੂ ਕੌਣ

# KHALSE
# DA
# GURU KAUN

© Publisher

*ਪਬਲਿਸ਼ਰ :*
**ਗੁਰਮਤਿ ਵਿਦਿਆ ਕੇਂਦਰ**
੯੬੫੮, ਗੋਰਵੇ ਡਰਾਈਵ
ਬਰੈਂਪਟਨ, ਓਂਟਾਰੀਓ, ਕਨੇਡਾ
ਫ਼ੋਨ : ੯੦੫-੭੯੯-੮੩੮੩

*ਪ੍ਰਿੰਟਰ :*
**ਪ੍ਰਿੰਟਵੈੱਲ**
੧੪੬, ਇੰਡਸਟਰੀਅਲ ਫ਼ੋਕਲ ਪੁਆਇੰਟ
ਅੰਮ੍ਰਿਤਸਰ
ਫ਼ੋਨ : +੯੧-੧੮੩-੨੫੮੩੩੮੨

# ਤਤਕਰਾ


| | |
|---|---|
| ਸਮਰਪਣ | ੪ |
| ਜ਼ਰੂਰੀ ਬੇਨਤੀ | ੫ |
| ਭੂਮਿਕਾ | ੬ |
| ਮੁੱਖ ਬੰਧ | ੯ |
| ਅਰੰਭਲੇ ਸ਼ਬਦ | ੧੦ |
| ਹੋਰਨਾਂ ਧਰਮਾਂ ਵੱਲ ਇਕ ਝਾਤ | ੧੪ |
| ਪਦਛੇਦ ਕਰਨ ਦੀ ਅਸੰਭਵਤਾ | ੧੭ |
| ਕੁਝ ਹੋਰ ਵਿਚਾਰਨਯੋਗ ਨੁਕਤੇ | ੨੦ |
| ਇਕ ਖ਼ਤਰਨਾਕ ਅੰਦੇਸ਼ਾ | ੩੨ |
| ਗ੍ਰੰਥੀਆਂ ਦੇ ਕਿਰਦਾਰ ਦਾ ਪਤਨ | ੩੩ |
| ਲੜੀਦਾਰ ਬੀੜ ਦੀ ਪਦਛੇਦ ਬੀੜ ਨਾਲੋਂ ਵਿਲੱਖਣਤਾ | ੩੪ |
| ਪੰਥਕ ਜਥੇਬੰਦੀਆਂ ਅਤੇ ਪੰਥਕ ਹਸਤੀਆਂ ਦੇ ਵਿਚਾਰ | ੩੭ |
| ਗੁਰਸਿੱਖ ਹੋਣ ਦੇ ਨਾਤੇ ਸਾਡਾ ਫ਼ਰਜ਼ | ੪੨ |
| ਕੁਝ ਸ਼ੰਕਿਆਂ ਦੇ ਉੱਤਰ | ੪੪ |
| ਅੰਤਮ ਸ਼ਬਦ | ੪੬ |

# ਸਮਰਪਣ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਲੜੀਦਾਰ ਸਰੂਪ ਦੇ ਚਰਨ ਕਮਲਾਂ ਦੇ ਭੌਰਿਆਂ
ਅਤੇ ਸੱਚੇ ਉਪਾਸ਼ਕਾਂ ਨੂੰ

# ਜ਼ਰੂਰੀ ਬੇਨਤੀ

ਪਾਠਕ ਜਨਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਇਸ ਕਿਤਾਬਚੇ ਦੇ ਪੰਨਿਆਂ ਤੇ ਗੁਰਬਾਣੀ ਦੀਆਂ ਪੰਕਤੀਆਂ ਅੰਕਿਤ ਹੋਈਆਂ ਹਨ, ਇਸ ਕਰਕੇ ਇਸ ਨੂੰ ਬੜੇ ਸਤਿਕਾਰ ਨਾਲ ਸੰਭਾਲ ਕੇ ਰਖਿਆ ਜਾਵੇ। ਇਸ ਕਿਤਾਬਚੇ ਨੂੰ ਨੀਵੀਂ ਜਗ੍ਹਾ ਜਾਂ ਕੂੜੇ ਵਾਲੀ ਜਗ੍ਹਾ ਤੇ ਰੱਖਣ ਤੋਂ ਸੰਕੋਚ ਕੀਤਾ ਜਾਵੇ ਜੀ।

ਜੇਕਰ ਪਾਠਕ ਜਨਾਂ ਨੂੰ ਇਸ ਕਿਤਾਬਚੇ ਵਿੱਚ ਗੁਰਮਤਿ ਵਿਰੋਧੀ ਨੁਕਤੇ ਨਜ਼ਰ ਆਉਣ ਤਾਂ ਸਾਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨ ਜੀ। ਆਪ ਜੀ ਵਲੋਂ ਦਿੱਤੇ ਗੁਰਮਤਿ ਪੱਖੀ ਸੁਝਾਵਾਂ ਨੂੰ ਸੱਚੇ ਦਿਲ ਨਾਲ ਵਿਚਾਰਿਆ ਜਾਵੇਗਾ ਅਤੇ ਇਸ ਕਿਤਾਬਚੇ ਦੇ ਅਗਲੇ ਐਡੀਸ਼ਨ ਵਿੱਚ ਥਾਂ ਦਿੱਤੀ ਜਾਵੇਗੀ।

*ਦਾਸਰੇ:*

ਸੇਵਾਦਾਰ-ਗੁਰਮਤਿ ਵਿਦਿਆ ਕੇਂਦਰ

# ਭੂਮਿਕਾ

'ਗੁਰੂ ਕੌਣ' ਨਾਮੀ ਟ੍ਰੈਕਟ ਦਾ ਟਾਈਟਲ ਪੰਨਾ ਹੀ ਪਾਠਕ 'ਤੇ ਦੋ-ਪੱਖੀ ਪ੍ਰਭਾਵ ਪਾਉਂਦਾ ਹੈ। ਪਹਿਲਾਂ ਤਾਂ ਇਹ ਕਿ ਤੱਤ ਗੁਰਮਤਿ ਦੀ ਵੀਚਾਰ ਵਜੋਂ ਨਿਰਣਯ 'ਤੇ ਪੁੱਜਿਆ ਜਾਏ ਤਾਂ ਗੁਰੂ ਗ੍ਰੰਥ ਸਾਹਿਬ ਦਾ ਲੜੀਦਾਰ ਸਰੂਪ ਹੀ ਆਦਿਲਾ, ਅਸਲੀ, ਸਹੀ ਤੇ ਸੱਚਾ ਸਰੂਪ ਹੈ, ਜੋ ਜਗਤ-ਗੁਰੂ ਨਾਨਕ ਦੇ ਸ਼ਬਦਾਂ ਵਿਚ ਹਰ ਸੱਚੇ ਸਿੱਖ ਦੀ ਜਾਚਨਾ ਹੋਣੀ ਚਾਹੀਦੀ ਹੈ:

**ਸੂਰਤਿਮੂਰਤਿਆਦਿਅਨੂਪੁ ॥ ਨਾਨਕੁਜਾਚੈਸਾਚੁਸਰੂਪੁ ॥**

ਇਸ ਟ੍ਰੈਕਟ ਦੇ ਅੰਦਰਲੇ ਪੰਨੇ ਬਾਅਦ ਵਿਚ ਇਹੋ ਕੁਝ ਦ੍ਰਿੜ੍ਹ ਕਰਾਉਣਗੇ। ਵਰਤਮਾਨ ਵਿਚ ਵਰਤ ਰਹੇ ਮਨਮੱਤੀ ਹਨੇਰੇ ਦੀ ਤੰਗੋ-ਤਾਰੀਕ ਕਾਲ ਕੋਠੜੀ ਵਿਚ ਇਕੱਠੇ ਹੋਏ ਹਠੀ ਮੁਲਖਈਏ ਨੂੰ ਇਸ ਟ੍ਰੈਕਟ ਦੇ ਮੁਦੱਈ ਟਰਾਂਟੇ ਦੇ ਦਰਵੇਸਾਂ ਦੀ ਸੱਦ ਜਾਂ ਸੱਦਾ (ਆਵਾਜ਼, ਗੂੰਜ) ਸ਼ਾਇਦ ਨਿਰਾ ਸ਼ੁਦਾਅ ਹੀ ਜਾਪੇ, ਪਰੰਤੂ ਵੀਚਾਰਵਾਨ ਵੀਰਾਂ ਨੂੰ ਇਹ ਆਵਾਜ਼ ਜ਼ਰੂਰ-ਬਰ-ਜ਼ਰੂਰ ਦਰ-ਗੋਸ਼ ਕਰ ਕੇ ਵੀਚਾਰਨੀ ਚਾਹੀਦੀ ਹੈ। ਇਹ ਚੰਦ ਕੁ ਪੱਤਰੇ ਜ਼ਰੂਰ ਅੱਖਾਂ 'ਚੋਂ ਕੱਢ ਲੈਣੇ ਚਾਹੀਦੇ ਹਨ। ਉਪਰੋਕਤ ਵੀਚਾਰ ਅਨੁਸਾਰ ਸਿੰਘ ਸੂਰਿਆਂ ਨੇ ਇਹ ਜੁਰੱਅਤ ਦੀ ਕਾਰਵਾਈ ਕੀਤੀ ਹੈ।

ਦੂਜਾ ਪੱਖ ਜੋ ਇਕ ਪ੍ਰਿਥਮ-ਪ੍ਰਿਸ਼ਟ (ਪਹਿਲੇ ਪੰਨੇ) ਤੋਂ ਪ੍ਰਗਟ ਹੁੰਦਾ ਹੈ, ਉਹ ਇਹ ਹੈ ਕਿ ਟ੍ਰੈਕਟ ਦੇ ਨਾਮ ਵਿਚ 'ਕੌਣ' ਪਦ ਦੀ ਵਰਤੋਂ ਕਰ ਕੇ ਸੁਲਝੇ ਤੇ ਸਿਆਣੇ ਸਿੰਘਾਂ ਨੇ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਿਅਕਤਿੱਤਵ ਦਾ ਪਦ ਪ੍ਰਦਾਨ ਕੀਤਾ ਹੈ, ਜੋ ਅਕਸਰ ਸਿੱਖਾਂ ਨੇ ਮਨ-ਬਚ-ਕਰਮ ਕਰ ਕੇ ਬਿਲਕੁਲ ਭੁਲਾ ਰੱਖਿਆ ਹੈ। ਇਉਂ ਗੁਰਸਿੱਖਾਂ ਦੀ ਸ਼ਰਧਾ ਭਰੀ ਜੁਰਅੱਤ, ਜਮਾਲ (ਖਿੱਚ-ਭਰੀ ਸੁੰਦਰਤਾ) ਹੋ ਨਿੱਬੜੀ ਹੈ। ਕਰੀਮੁਲ ਕਮਾਲ (ਮਹਾਨ ਬਖਸ਼ਸ਼) ਤਾਂ ਸਤਿਗੁਰੂ ਨੇ ਕੀਤੀ ਸੀ। ਕਲਜੁਗ ਦੇ ਧੂੰ-ਅੰਧਾਰ ਵਿਚ ਜੋਤਿ-ਰੁਸ਼ਨਾਰ ਦੀ ਨਿਸਾਨ-ਦਿਹੀ ਕਰ ਕੇ ਸਿੰਘਾਂ ਨੇ ਜੁਰਅੱਤ ਜਮਾਲ ਤੋਂ ਕੰਮ ਲਿਆ ਹੈ।

ਕਿਤਾਬਚੇ ਦੇ ਚਿਹਰੇ-ਮੁਹਰੇ ਤੋਂ ਹੀ ਇਕ ਤਾਂ ਸ਼ਰਧਾ-ਭਾਵਨੀ ਤੇ ਦੂਜਾ ਦਲੇਰੀ ਫੁਟ-ਫੁਟ ਪ੍ਰਗਟਦੀ ਹੈ। ਹੁਣ ਕਿਤਾਬਚੇ ਰੂਪੀ ਮੰਦਰ ਦੇ ਅੰਦਰ ਪਰਵੇਸ਼ ਕਰੀਏ।

ਮੁੱਢ ਵਿਚ 'ਆਰੰਭਲੇ ਸ਼ਬਦ' ਵਿਚ **ਪੂਰੇਕਾਕੀਆਸਭਕਿਛੁਪੂਰਾਘਟਿਵਧਿਕਿਛੁਨਾਹੀ॥** ਦੀ ਸੁਹਣੀ ਵਿਆਖਿਆ ਕੀਤੀ ਗਈ ਹੈ। ਪੂਰੇ ਪ੍ਰਭੂ ਦੀ ਰਜ਼ਾ ਵਿਚ ਪੂਰੇ ਗੁਰੂ ਰਾਹੀਂ ਪ੍ਰਗਟ ਹੋਇਆ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਲੜੀਦਾਰ ਸਰੂਪ ਹੀ ਪੂਰਾ ਸਹੀ ਗੁਰੂ ਹੈ; ਬਾਕੀ ਅਧੂਰੇ ਇਨਸਾਨਾਂ ਰਾਹੀਂ, ਜੋ **ਭੁਲਣਅੰਦਰਿ** ਆਉਣ ਵਾਲਿਆਂ ਦੀ ਕੈਟੇਗਰੀ (Category) ਅਥਵਾ ਸ਼੍ਰੇਣੀ ਵਿਚ ਹੀ ਆਉਂਦੇ ਹਨ, ਪ੍ਰਗਟਾਏ ਪਦ-ਛੇਦ ਸਰੂਪ ਸਾਰੇ ਦੇ ਸਾਰੇ ਹੀ 'ਪੂਰੇ ਗੁਰੂ' ਦੀ ਪਦਵੀ ਤੋਂ ਵੰਚਿਤ ਰਹਿ ਜਾਂਦੇ ਹਨ। ਇਹ ਨਾਮ-ਧਰੀਕ ਵਿਦਵਾਨ ਅਧੂਰੇ ਇਨਸਾਨ ਮਾਇਆਧਾਰੀ, ਭੁੱਖੇ ਵਪਾਰੀ, ਮਾਇਆ ਪੁਜਾਰੀ ਸ਼ਖ਼ਸਾਂ ਜਾਂ ਸੰਸਥਾਵਾਂ ਦੇ ਹੱਥ-ਠੋਕੇ ਬਣ ਕੇ ਉਨ੍ਹਾਂ ਦੀ ਲੁੱਟ-ਖਸੁੱਟ ਵਿਚ ਆਪਣੇ ਹੱਥ ਰੰਗਣਾ ਹੀ ਜਾਣਦੇ ਹਨ। ਹੋਰ ਗੁਰਬਾਣੀ ਦੇ ਅਦਬ-ਸਤਿਕਾਰ ਦੀ ਸਾਰ ਇਹ ਕੀ ਜਾਣਨ?

**ਕਿਆਏਹਜੰਤਵਿਚਾਰੇਕਹੀਅਹਿਜੋਤੁਧੁਆਖਿਵਖਾਣੈ॥**

ਜਿਸ ਗੁਰੂ ਦਾ ਭੇਦ, ਬੇਦ, ਪੁਰਾਨ, ਕਤੇਬ, ਕੁਰਾਨ ਅਤੇ ਉਨ੍ਹਾਂ ਦੇ ਰਚਨਹਾਰ ਰਿਸ਼ੀ ਮੁਨੀ ਜਾਂ ਪੀਰ ਪੈਗੰਬਰ ਨਹੀਂ ਪਾ ਸਕੇ, ਇਹ ਕੱਚ-ਘਰੜ ਵਿਦਵਾਨ ਕਿਸ ਬਾਗ ਦੀ ਮੂਲੀ ਹਨ, ਜੋ ਗੁਰੂ ਗ੍ਰੰਥ ਸਾਹਿਬ ਦੇ ਕੁਲ ਪਦਾਂ ਦੇ ਨਿਖੇੜੇ ਜਾਂ ਤੱਤ-ਨਿਬੇੜੇ ਕਰ ਸਕਣ? '੧ਓ' ਬਾਅਦ ਪਹਿਲੇ ਪਦ ਦਾ ਹੀ ਨਿਰਣਾ-ਜਨਕ ਫ਼ੈਸਲਾ ਨਹੀਂ ਹੋ ਸਕਦਾ, ਫਿਰ ਕਿਸ ਮੂੰਹ ਨਾਲ ਸਾਰੇ ਸਰੂਪ ਨੂੰ ਪਦ-ਛੇਦ ਕਰਨ ਦੀ ਹਮਾਕਤ ਹੋਈ ਹੈ? ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਗਟ ਗੁਰਾਂ ਦੀ ਦੇਹ ਮੰਨਿਆ ਜਾਂਦਾ ਹੈ ਤਾਂ ਆਪ ਜੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਨੂੰ ਪਦ-ਛੇਦ ਕਰਨ ਦਾ ਸੁਪਨਾ ਹੀ ਨਹੀਂ ਲਿਆ ਜਾ ਸਕਦਾ। ਇਸ ਤਰ੍ਹਾਂ ਦਾ ਖੇਦ ਟ੍ਰੈਕਟ ਦੇ ਪਹਿਲੇ ਹਿੱਸੇ ਵਿਚ ਪ੍ਰਗਟਾਇਆ ਗਿਆ ਹੈ। ਇਕੋ ਹੀ ਦਲੀਲ ਹੀ ਸੂਝਵਾਨ ਪਾਠਕਾਂ ਲਈ ਕਾਫ਼ੀ ਸੀ। ਪਰ ਫਿਰ ਵੀ ਆਪਣੀ ਸੱਚੀ ਮਨੌਤ ਦੇ ਹੱਕ ਵਿਚ ਹੋਰ ਦਲੀਲਾਂ ਵੀ ਦਿੱਤੀਆਂ ਗਈਆਂ ਹਨ। ਉਹ ਸਾਰੀਆਂ ਵਜ਼ਨਦਾਰ ਹਨ। ਸਹੀ (ਲੜੀਦਾਰ) ਸਰੂਪ ਦੇ ਹੱਕ ਵਿਚ ਜੋ ਹੋਕਾ ਇਨ੍ਹਾਂ ਸਿੰਘਾਂ ਨੇ ਦਿੱਤਾ ਹੈ, ਉਹੋ ਹੀ ਆਵਾਜ਼ ਆਪਣਿਆਂ ਮੱਤਿਆਂ ਵਿਚ ਪੰਥ ਦੀਆ ਸਿਰ-ਕੱਢ ਸੰਸਥਾਵਾਂ ਨੇ ਅੱਜ ਤੋਂ ਸੱਠ ਕੁ ਸਾਲ ਪਹਿਲਾਂ ਪੰਥ ਵਿਚ ਪਰਵਾਜ਼ ਕਰਾਈ ਸੀ। ੧੯੪੫ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਮਤੇ ਦੇ ਸ਼ਬਦ ਹਨ: "ਪਦ-ਛੇਦ ਬੀੜ ਦਾ ਪ੍ਰਕਾਸ਼ ਕਰਨਾ ਨਾਜਾਇਜ਼ ਹੈ।" ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਕ ਕਮੇਟੀ ਦੇ ੧੯੫੦ ਵਿਚ ਕੀਤੇ ਗੁਰਮਤੇ ਦੇ ਸ਼ਬਦ ਹਨ: "ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਅਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।

ਪਦ-ਛੇਦ ਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ, ਪ੍ਰਚਲਤ ਕਰਨ ਦੇ ਜ਼ਿੰਮੇਵਾਰ ਪ੍ਰਬੰਧਕਾਂ ਤੇ ਪ੍ਰਚਾਰਕਾਂ ਨੂੰ ਵੀਚਾਰ ਕਰਨੀ ਚਾਹੀਦੀ ਹੈ, ਕਿ ਗੁਰੂ ਗ੍ਰੰਥ ਸਾਹਿਬ ਦੀ ਕੇਵਲ ਬਾਣੀ ਹੀ ਨਹੀਂ, ਸਗੋਂ ਧੁਰੋਂ ਆਈ, ਗੁਰਮੁਖੀ ਲੜੀਦਾਰ ਲਿਪੀ ਜਾਂ ਸ਼ੈਲੀ ਵੀ ਧੁਰੋਂ ਆਈ ਹੈ। ਸਾਡਾ ਪਿਆਰਾ ਪ੍ਰੀਤਮ ਆਪਣੇ ਨਿਜ ਦੇ ਮੰਦਰ ਵਿਚ ਹੀ ਵੱਸਦਾ ਹੈ, **'ਨਿਜਮੰਦਰਿਪਿਰੀਆ'** ਸਾਡੀ ਹਮਾਕਤ ਤੇ ਹੱਸ ਰਿਹਾ ਹੈ। ਉਰਦੂ ਦੇ ਸ਼ਾਇਰ ਇਕਬਾਲ ਦਾ ਇਕ ਸ਼ਿਆਰ ਇਸ ਮਾਮਲੇ ਵਿਚ ਖ਼ੂਬ ਢੁਕਦਾ ਹੈ:

> **ਜ਼ਮੀਂ ਕਿਆ ਆਸਮਾਂ ਭੀ ਤਿਰੀ ਕਜਬੀਨੀ ਪੇ ਰੋਤਾ ਹੈ,**
> **ਗ਼ਜ਼ਬ ਹੈ ਸਤਰਿ ਕੁਰਆਂ ਕੋ ਚਲੀਪਾ ਕਰ ਦੀਆ ਤੂਨੇ।**
> **ਜ਼ਬਾਨ ਸੇ ਗਰ ਕੀਆ ਤੌਹੀਦ ਕਾ ਦਾਅਵਾ ਤੋ ਕਿਆ ਹਾਸਿਲ,**
> **ਬਨਾਇਆ ਹੈ ਬੁਤਿ ਪਿੰਦਾਰ ਕੋ ਅਪਨਾ ਖ਼ੁਦਾ ਤੂਨੇ।**

ਇਕਬਾਲੀ ਆਪਣੀ ਕੌਮ 'ਤੇ ਗਿਲਾ ਕਰਦਾ ਹੋਇਆ ਕਹਿੰਦਾ ਹੈ ਕਿ ਧਰਤੀ ਦੇ ਧਰਮੀ ਪੁਰਸ਼ ਅਤੇ ਗਗਨ ਵਿਚ ਵਿਚਰਦੇ ਦੈਵੀ ਜੀਵ ਤੇਰੀ ਉਲਟ ਅਕਲ 'ਤੇ ਰੋ ਰਹੇ ਹਨ, ਖੇਦ ਦੀ ਬਾਤ ਹੈ ਕਿ ਖ਼ੁਦਾਈ ਕਿਤਾਬ (ਕੁਰਾਨ) ਦੀ ਪੰਗਤੀ ਨੂੰ ਤੂੰ ਵਿੰਗਾ ਵ ਵਿੰਨ੍ਹਵਾਂ ਕਰ ਦਿੱਤਾ ਹੈ। ਮੂੰਹ ਨਾਲ ਭਾਵੇਂ ਤੂੰ ਇਕੋ ਰੱਬ ਨੂੰ ਮੰਨਣ ਦਾ ਦਾਅਵਾ ਕਰਦਾ ਹੈਂ, ਪ੍ਰੰਤੂ ਆਪਣੀ ਹੀ ਮਨਮਤਿ ਨੂੰ ਤੂੰ ਆਪਣਾ ਖ਼ੁਦਾ ਬਣਾਇਆ ਹੋਇਆ ਹੈ।

ਪਦ-ਛੇਦ ਸਰੂਪ ਦੇ ਹਿਮਾਇਤੀਆਂ 'ਤੇ ਸੁਆਲ ਹੋ ਸਕਦਾ ਹੈ, ਗੁਰਬਾਣੀ ਦੇ ਸ਼ਬਦਾਂ ਵਿਚ **ਧਰਮਰਾਇਜਬਪੂਛਸਿਬਵਰੇਤਬਕਿਆਜਬਾਬੁਕਰੇਇ॥**

ਬਾਕੀ ਪਾਠਕਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਪੂਰਾ ਟ੍ਰੈਕਟ ਪੜ੍ਹ ਕੇ ਲੇਖਕ ਵੱਲੋਂ ਤਜਵੀਜ਼ ਕੀਤੇ ਲੜੀਦਾਰ ਸਰੂਪ ਦੇ ਲੜ ਲੱਗਣ ਵਾਲੇ ਉਪਰਾਲੇ ਇਖ਼ਤਿਆਰ ਕਰ ਕੇ ਸਤਿਗੁਰ ਦੇ ਦਰਬਾਰ ਵਿਚ ਸੁਰਖ਼ਰੂ ਹੋਣ ਦਾ ਯਤਨ ਕਰਨ। ਇਸ ਤਰ੍ਹਾਂ ਕਰਨ ਨਾਲ ਹੀ ਸਿੱਖ ਸੰਗਤ ਲਈ ਇਹ ਵਿਲੱਖਣ ਲੇਖ ਲਿਖਣ ਦਾ ਉਪਰਾਲਾ ਸਫਲਾ ਅਤੇ ਸੁਹੇਲਾ ਹੋ ਨਿਬੜੇਗਾ।

**ਜਸਵੰਤ ਸਿੰਘ (ਮਾਸਟਰ)**
*ਸ੍ਰੀ ਅੰਮ੍ਰਿਤਸਰ*

# ਮੁੱਖ-ਬੰਧ

ਮਨ ਵਿਚ ਸਿੱਖੀ ਦਾ ਦਰਦ ਹੋਣ ਕਰਕੇ ਗੁਰਮਤਿ ਵਿਦਿਆ ਕੇਂਦਰ, ਟਰਾਂਟੋ ਕਨੈਡਾ ਵਲੋਂ ਪੰਥ ਨੂੰ ਬੇਨਤੀ ਰੂਪ ਢੰਡੋਰਾ ਪਿਟਿਆ ਗਿਆ ਹੈ ਜੋ ਸਾਡਾ ਸਾਰਿਆਂ ਦਾ ਗੁਰਸਿੱਖ ਹੋਣ ਦੇ ਨਾਤੇ ਫ਼ਰਜ਼ ਬਣਦਾ ਹੈ।

ਪਦ ਛੇਦ ਪਾਠਾਂ ਦੇ ਜੋ ਪਾਠਾਂਤਰ ਭੇਦ ਬਾਰੇ ਗੁਰਮਤਿ ਵਿਦਿਆ ਕੇਂਦਰ ਵਲੋਂ ਲਿਖਿਆ ਹੈ ਇਹ ਬਿਲਕੁੱਲ ਸਤਿ ਪ੍ਰਤੀਸ਼ਤ ਦਰੁਸਤ ਹੈ। ਮਨੁੱਖ ਦੀ ਸਮਝ ਅਧੂਰੀ ਹੈ। ਜਿਵੇਂ ਦੋ ਪੁਰਾਤਨ ਟਕਸਾਲਾਂ ਹਨ ਇਨ੍ਹਾਂ ਟਕਸਾਲਾਂ ਵਿਚ ਵਿਦਿਵਾਨਾਂ ਦੇ ਪਾਠਾਂਤਰ ਭੇਦ ਅੱਜ ਵੀ ਬਰਕਰਾਰ ਹਨ। ਪਦ ਛੇਦ ਪਾਠ ਕਰਨ ਕਰਕੇ ਮਨੁੱਖ ਅਵੇਸਲਾ ਹੋ ਜਾਂਦਾ ਹੈ ਅਤੇ ਗ਼ਲਤੀਆਂ ਵੱਧ ਕਰਦਾ ਹੈ। ਅੱਜ ਇਹ ਕਮਜ਼ੋਰੀ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਦਾਸ, ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਦੇ ਆਦੇਸ਼ ਅਨੁਸਾਰ ਕਥੂਨੰਗਲ ਵਿਖੇ ਪਾਠੀਆਂ ਦੇ ਟੈਸਟ ਲਈ ਗਿਆ। ੧੭ ਅਖੰਡ ਪਾਠੀਆਂ ਵਿਚੋਂ ੭੦ ਸਾਲਾ ਬਜ਼ੁਰਗ ਨੇ ਭਗਤ ਜੈ ਦੇਵ ਜੀ ਦਾ ਪਦਾ ਸੁਣਾਇਆ। ਉਸ ਨੇ ਲੜੀਵਾਰ ਸੰਥਿਆ ਕੀਤੀ ਸੀ। ਬਾਕੀ ਪਦ ਛੇਦ ਦੇ ਅਖੰਡਪਾਠੀ ਹੋਣ ਕਾਰਨ ਥੋੜ੍ਹਾ ਵੀ ਨਹੀਂ ਸੁਣਾ ਸਕੇ। ਸਾਨੂੰ ਗੁਰਮਤਿ ਵਿਦਿਆ ਕੇਂਦਰ ਦੇ ਸੁਝਾਅ ਅਨੁਸਾਰ ਲੜੀਵਾਰ ਸੰਥਿਆ ਕਰਨੀ ਅਤੇ ਕਰਾਉਣੀ ਚਾਹੀਦੀ ਹੈ। ਪਦ ਛੇਦ ਪਾਠ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਗ਼ਲਤ ਪਾਠ ਕਰਨ ਦੇ ਬੱਜਰ ਪਾਪ ਤੋਂ ਬਚ ਸਕੀਏ। ਪੰਥ ਦਰਦੀਆਂ ਨੂੰ ਗੁਰਮਤਿ ਵਿਦਿਆ ਕੇਂਦਰ ਦੇ ਸੁਝਾਅ ਨਾਲ ਸਹਿਮਤ ਹੁੰਦਿਆਂ ਹੋਇਆਂ ਇਸ ਨੇਕ ਉਪਰਾਲੇ ਵਿਚ ਸਾਥ ਦੇਣਾ ਚਾਹੀਦਾ ਹੈ। ਗੁਰੂ ਕਿਰਪਾ ਕਰੇ ਏਹੋ ਜਿਹੇ ਪੰਥ ਦਰਦੀਆਂ ਤੋਂ ਆਪਣੀ ਸੇਵਾ ਆਪ ਲੈਂਦੇ ਰਹਿਣ।

ਗੁਰੂ ਪੰਥ ਦਾ ਦਾਸ
ਜਸਵੰਤ ਸਿੰਘ
ਗ੍ਰੰਥੀ ਸ੍ਰੀ ਦਰਬਾਰ ਸਾਹਿਬ
ਕਥਾ ਵਾਚਕ ਸ੍ਰੀ ਮੰਜੀ ਸਾਹਿਬ
ਸ੍ਰੀ ਅੰਮ੍ਰਿਤਸਰ

# ਆਰੰਭਲੇ ਸ਼ਬਦ

"**ਪੂਰੇਕਾਕੀਆਸਭਕਿਛੁਪੂਰਾਘਟਿਵਧਿਕਿਛੁਨਾਹੀ॥**"ਦੇ ਮਹਾਂਵਾਕ ਅਨੁਸਾਰ ਜੋ ਕੁਝ ਵੀ ਗੁਰੂ ਕਰਤਾਰ ਨੇ ਆਪਣੇ ਭਾਣੇ ਵਿੱਚ ਕੀਤਾ ਹੈ ਸੋ ਪੂਰਾ ਹੈ ਅਤੇ ਉਸ ਵਿੱਚ ਕਿਸੇ ਪ੍ਰਕਾਰ ਦੀ ਊਣਤਾਈ ਨਹੀਂ ਹੈ। ਉਸ ਵਿੱਚ ਕਿਸੇ ਤਰ੍ਹਾਂ ਦੀ ਤਰਮੀਮ ਜਾਂ ਘਾਟ-ਵਾਧ ਕਰਨ ਦੀ ਗੁੰਜਾਇਸ਼ ਨਹੀਂ ਹੈ। ਤਰਮੀਮ ਦੀ ਲੋੜ ਤਾਂ ਉਥੇ ਹੁੰਦੀ ਹੈ, ਜਿਥੇ ਕਿਰਤ ਕਰਨਵਾਲਾ ਅਲਪੱਗ ਹੋਵੇ ਪਰ ਜਿੱਥੇ ਕਰਤਾ ਅਕਾਲ ਪੁਰਖ ਆਪ ਹੀ ਹੋਵੇ, ਉਥੇ ਇਕ ਅਲਪੱਗ ਜੀਵ ਦੀ ਕੁਝ ਵੀ ਬੋਲਣ ਜਾਂ ਕਰਨ ਦੀ ਜਾਇ ਨਹੀਂ। ਆਪਣੇ ਗੁਰੂ ਸਾਹਿਬਾਨ ਸਰਬੱਗ ਪੁਰਖ ਹਨ ਅਤੇ ਗੁਰਬਾਣੀ ਦਾ ਫ਼ੁਰਮਾਨ ਹੈ:

**ਭੁਲਣਅੰਦਰਿਸਭੁਕੋਅਭੁਲੁਗੁਰੂਕਰਤਾਰੁ॥**

ਉੱਪਰ ਲਿਖੇ ਗੁਰਵਾਕ ਅਨੁਸਾਰ ਦੋ ਸਿਧਾਂਤਾਂ ਬਾਰੇ ਕਿਸੇ ਪ੍ਰਕਾਰ ਦੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਪਹਿਲਾ ਸਿਧਾਂਤ ਤਾਂ ਇਹ ਕਿ ਸਭ ਸੰਸਾਰੀ ਜੀਵ ਭੁਲਣਹਾਰ ਹਨ। ਦੂਜਾ ਸਿਧਾਂਤ ਇਹ ਹੈ ਕਿ ਗੁਰੂ ਸਾਹਿਬਾਨ ਅਤੇ ਕਰਤਾਰ (ਅਕਾਲ ਪੁਰਖ) ਅਭੁੱਲ ਹਨ, ਭਾਵ ਕਿ ਕਦੇ ਵੀ ਗ਼ਲਤੀ ਨਹੀਂ ਕਰ ਸਕਦੇ। ਇਸ ਤੋਂ ਆਪਾਂ ਇਹ ਹੀ ਨਤੀਜਾ ਕੱਢ ਸਕਦੇ ਹਾਂ ਕਿ ਜੇਕਰ ਸਾਨੂੰ ਗੁਰੂ ਸਾਹਿਬ ਦੀ ਕਰਨੀ ਦੀ ਜਾਂ ਕੀਤੇ ਦੀ ਸਮਝ ਨਾ ਵੀ ਆਵੇ ਤਦ ਵੀ ਆਪਾਂ ਨੂੰ ਇਹੋ ਹੀ ਸ਼ੋਭਦਾ ਹੈ ਕਿ ਆਪਾਂ ਉਸ ਨੂੰ ਸਤਿ ਕਰ ਕੇ ਮੰਨੀਏ ਅਤੇ ਗੁਰੂ ਸਾਹਿਬ ਦੇ ਕੀਤੇ ਨੂੰ ਕਦੇ ਭੁਲਕੇ ਵੀ ਉਲਟਾਉਣ ਦੀ ਗੁਸਤਾਖ਼ੀ ਨਾ ਕਰੀਏ। ਜੇਕਰ ਆਪਾਂ ਆਪਣੇ ਆਪ ਨੂੰ ਗੁਰੂ ਕੇ ਸਿੱਖ ਸਮਝਦੇ ਹਾਂ ਤਾਂ ਆਪਾਂ ਨੂੰ ਇਹ ਪੂਰਨ ਭਰੋਸਾ ਹੋਣਾ ਚਾਹੀਦਾ ਹੈ ਕਿ ਗੁਰੂ ਕਰਤਾਰ ਨੇ ਜੋ ਕੁਝ ਵੀ ਕੀਤਾ ਹੈ ਉਹ ਪੂਰਨ ਹੈ ਅਤੇ ਆਪਾਂ ਉਸ ਵਿੱਚ ਕਿਸੇ ਪ੍ਰਕਾਰ ਦੀ ਰੱਦੋ-ਬਦਲ ਕਰਨ ਦੇ ਯੋਗ ਨਹੀਂ ਹਾਂ। ਮਿਸਾਲ ਵਜੋਂ, ਸਤਿਗੁਰਾਂ ਨੇ ਆਪਾਂ ਨੂੰ ਪੰਜਾਂ ਕਕਾਰਾਂ ਵਿੱਚੋਂ ਇਕ ਕਕਾਰ, ਕਿਰਪਾਨ ਦੇ ਰੂਪ ਵਿੱਚ ਬਖ਼ਸ਼ਿਆ ਹੈ। ਇਹ ਕਿਰਪਾਨ ਸਰਬਲੋਹ ਦੀ ਅਤੇ ਗਾਤਰੇ ਹੋਣੀ ਚਾਹੀਦੀ ਹੈ। ਹੁਣ ਜੇਕਰ ਕੋਈ ਨਵੀਨ ਬੁਧੀ ਵਾਲਾ ਅਤੇ ਮਗ਼ਰਬੀ (ਪਛਮੀ)

# ਆਰੰਭਲੇ ਸ਼ਬਦ

"ਪੂਰੇਕਾਕੀਆਸਭਕਿਛੁਪੂਰਾਘਟਿਵਧਿਕਿਛੁਨਾਹੀ॥"ਦੇ ਮਹਾਂਵਾਕ ਅਨੁਸਾਰ ਜੋ ਕੁਝ ਵੀ ਗੁਰੂ ਕਰਤਾਰ ਨੇ ਆਪਣੇ ਭਾਣੇ ਵਿੱਚ ਕੀਤਾ ਹੈ ਸੋ ਪੂਰਾ ਹੈ ਅਤੇ ਉਸ ਵਿੱਚ ਕਿਸੇ ਪ੍ਰਕਾਰ ਦੀ ਊਣਤਾਈ ਨਹੀਂ ਹੈ। ਉਸ ਵਿੱਚ ਕਿਸੇ ਤਰ੍ਹਾਂ ਦੀ ਤਰਮੀਮ ਜਾਂ ਘਾਟ-ਵਾਧ ਕਰਨ ਦੀ ਗੁੰਜਾਇਸ਼ ਨਹੀਂ ਹੈ। ਤਰਮੀਮ ਦੀ ਲੋੜ ਤਾਂ ਉਥੇ ਹੁੰਦੀ ਹੈ, ਜਿਥੇ ਕਿਰਤ ਕਰਨਵਾਲਾ ਅਲਪੱਗ ਹੋਵੇ ਪਰ ਜਿੱਥੇ ਕਰਤਾ ਅਕਾਲ ਪੁਰਖ ਆਪ ਹੀ ਹੋਵੇ, ਉਥੇ ਇਕ ਅਲਪੱਗ ਜੀਵ ਦੀ ਕੁਝ ਵੀ ਬੋਲਣ ਜਾਂ ਕਰਨ ਦੀ ਜਾਇ ਨਹੀਂ। ਆਪਣੇ ਗੁਰੂ ਸਾਹਿਬਾਨ ਸਰਬੱਗ ਪੁਰਖ ਹਨ ਅਤੇ ਗੁਰਬਾਣੀ ਦਾ ਫ਼ੁਰਮਾਨ ਹੈ:

**ਭੁਲਣਅੰਦਰਿਸਭੁਕੋਅਭੁਲੁਗੁਰੂਕਰਤਾਰੁ॥**

ਉੱਪਰ ਲਿਖੇ ਗੁਰਵਾਕ ਅਨੁਸਾਰ ਦੋ ਸਿਧਾਂਤਾਂ ਬਾਰੇ ਕਿਸੇ ਪ੍ਰਕਾਰ ਦੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਪਹਿਲਾ ਸਿਧਾਂਤ ਤਾਂ ਇਹ ਕਿ ਸਭ ਸੰਸਾਰੀ ਜੀਵ ਭੁਲਣਹਾਰ ਹਨ। ਦੂਜਾ ਸਿਧਾਂਤ ਇਹ ਹੈ ਕਿ ਗੁਰੂ ਸਾਹਿਬਾਨ ਅਤੇ ਕਰਤਾਰ (ਅਕਾਲ ਪੁਰਖ) ਅਭੁੱਲ ਹਨ, ਭਾਵ ਕਿ ਕਦੇ ਵੀ ਗ਼ਲਤੀ ਨਹੀਂ ਕਰ ਸਕਦੇ। ਇਸ ਤੋਂ ਆਪਾਂ ਇਹ ਹੀ ਨਤੀਜਾ ਕੱਢ ਸਕਦੇ ਹਾਂ ਕਿ ਜੇਕਰ ਸਾਨੂੰ ਗੁਰੂ ਸਾਹਿਬ ਦੀ ਕਰਨੀ ਦੀ ਜਾਂ ਕੀਤੇ ਦੀ ਸਮਝ ਨਾ ਵੀ ਆਵੇ ਤਦ ਵੀ ਆਪਾਂ ਨੂੰ ਇਹੋ ਹੀ ਸ਼ੋਭਦਾ ਹੈ ਕਿ ਆਪਾਂ ਉਸ ਨੂੰ ਸਤਿ ਕਰ ਕੇ ਮੰਨੀਏ ਅਤੇ ਗੁਰੂ ਸਾਹਿਬ ਦੇ ਕੀਤੇ ਨੂੰ ਕਦੇ ਭੁਲਕੇ ਵੀ ਉਲਟਾਉਣ ਦੀ ਗ਼ੁਸਤਾਖ਼ੀ ਨਾ ਕਰੀਏ। ਜੇਕਰ ਆਪਾਂ ਆਪਣੇ ਆਪ ਨੂੰ ਗੁਰੂ ਕੇ ਸਿੱਖ ਸਮਝਦੇ ਹਾਂ ਤਾਂ ਆਪਾਂ ਨੂੰ ਇਹ ਪੂਰਨ ਭਰੋਸਾ ਹੋਣਾ ਚਾਹੀਦਾ ਹੈ ਕਿ ਗੁਰੂ ਕਰਤਾਰ ਨੇ ਜੋ ਕੁਝ ਵੀ ਕੀਤਾ ਹੈ ਉਹ ਪੂਰਨ ਹੈ ਅਤੇ ਆਪਾਂ ਉਸ ਵਿੱਚ ਕਿਸੇ ਪ੍ਰਕਾਰ ਦੀ ਰੱਦੋ-ਬਦਲ ਕਰਨ ਦੇ ਯੋਗ ਨਹੀਂ ਹਾਂ। ਮਿਸਾਲ ਵਜੋਂ, ਸਤਿਗੁਰਾਂ ਨੇ ਆਪਾਂ ਨੂੰ ਪੰਜਾਂ ਕਕਾਰਾਂ ਵਿੱਚੋਂ ਇਕ ਕਕਾਰ, ਕਿਰਪਾਨ ਦੇ ਰੂਪ ਵਿੱਚ ਬਖ਼ਸ਼ਿਆ ਹੈ। ਇਹ ਕਿਰਪਾਨ ਸਰਬਲੋਹ ਦੀ ਅਤੇ ਗਾਤਰੇ ਹੋਣੀ ਚਾਹੀਦੀ ਹੈ। ਹੁਣ ਜੇਕਰ ਕੋਈ ਨਵੀਨ ਬੁਧੀ ਵਾਲਾ ਅਤੇ ਮਗ਼ਰਬੀ (ਪਛਮੀ)

ਤਹਜ਼ੀਬ ਵਿੱਚ ਰੰਗਿਆ ਹੋਇਆ ਸਿੱਖ ਇਹ ਦਲੀਲ ਦੇਵੇ ਕਿ ਚੂੰਕਿ ਹੁਣ ਜ਼ਮਾਨਾ ਬਹੁਤ ਬਦਲ ਗਿਆ ਹੈ ਸੋ ਆਪਾਂ ਨੂੰ ਵੀ ਜ਼ਮਾਨੇ ਦੀ ਰਫ਼ਤਾਰ ਨਾਲ ਆਪਣੇ ਆਪ ਨੂੰ ਬਰਾਬਰ ਰੱਖਣ ਵਾਸਤੇ ਕਿਰਪਾਨ ਦੀ ਥਾਂ ਤੇ ਤਮੰਚੇ (ਪਿਸਤੌਲ) ਨੂੰ ਕਕਾਰ ਮੰਨ ਲੈਣਾ ਚਾਹੀਦਾ ਹੈ ਤਾਂ ਇਹ ਕੈਸੀ ਹਾਸੋ-ਹੀਣੀ ਗੱਲ ਹੋਵੇਗੀ। ਕੋਈ ਵੀ ਸਚਿਆਰ ਸਿੱਖ ਇਸ ਗੱਲ ਨਾਲ ਕਦੇ ਵੀ ਮੁੱਤਫ਼ਿਕ (ਸਹਿਮਤ) ਨਹੀਂ ਹੋਵੇਗਾ। ਇਸੇ ਤਰਾਂ ਹੀ ਕੋਈ ਇਹ ਕਹੇ ਕਿ ਕਛਹਿਰੇ ਦੀ ਥਾਂਵੇਂ ਨਿੱਕਰ ਨੂੰ ਧਾਰਨ ਕਰ ਲਈਏ ਤਾਂ ਹਰ ਕੋਈ ਵਿਅਕਤੀ ਜੋ ਗੁਰੂ ਸਾਹਿਬ ਦੇ ਭੈ ਵਿੱਚ ਵਿਚਰਦਾ ਹੈ ਇਸ ਗੱਲ ਨੂੰ ਮੰਨਣ ਲਈ ਕਦੇ ਵੀ ਤਿਆਰ ਨਹੀਂ ਹੋਵੇਗਾ। ਜੇਕਰ ਕੋਈ ਆਖੇ ਕਿ ਜ਼ਮਾਨੇ ਨਾਲ ਚਲਣ ਵਾਸਤੇ ਸਾਨੂੰ ਦਸਤਾਰ ਦੀ ਥਾਂਵੇਂ ਟੋਪੀ ਅਪਨਾ ਲੈਣੀ ਚਾਹੀਦੀ ਹੈ ਤਾਂ ਆਪਾਂ ਸਭ ਜਾਣਦੇ ਹਾਂ ਕਿ ਇਹ ਮੰਨ ਲੈਣਾ ਕਿੱਡੀ ਮੂਰਖਤਾਈ ਵਾਲੀ ਗੱਲ ਹੋਵੇਗੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਿੱਖ ਪੰਥ ਹੋਰ ਕਈ ਵਿਸ਼ਿਆਂ ਬਾਰੇ ਤਾਂ ਬਹੁਤ ਸੁਚੇਤ ਹੈ ਪਰ ਸਿੱਖ ਧਰਮ ਦੇ ਸਭ ਤੋਂ ਵੱਡੇ ਅਤੇ ਅਹਿਮ ਮਸਲੇ ਬਾਰੇ ਬਿਲਕੁਲ ਹੀ ਅਵੇਸਲਾ ਹੈ। ਅਫ਼ਸੋਸ ਨਾਲ ਇਹ ਕਹਿਣਾ ਪੈਂਦਾ ਹੈ ਕਿ ਇਹ ਇਕ ਐਸਾ ਮਸਲਾ ਹੈ ਜਿਸ ਬਾਰੇ ਸਿੱਖਾਂ ਦੀ ਬਹੁ-ਗਿਣਤੀ ਤਾਂ ਅਗਿਆਤ ਹੀ ਹੈ। ਕੁਝ ਕੁ ਸੁਚੇਤ ਪੰਥ-ਦਰਦੀਆਂ ਨੂੰ ਛੱਡ ਕੇ, ਤਕਰੀਬਨ ਸਾਰੀ ਕੌਮ ਹੀ ਇਸ ਮਸਲੇ ਵਲੋਂ ਅਵੇਸਲੀ ਹੋ ਕੇ ਕੁੰਭਕਰਨ ਵਾਲੀ ਗੂੜ੍ਹੀ ਨੀਂਦਰੇ ਸੁੱਤੀ ਪਈ ਹੈ।

ਪਾਠਕ ਜਨ ਜੀਓ, ਇਹ ਮਸਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦਾ ਹੈ। ਇਹ ਮਸਲਾ ਕੌਮ ਲਈ ਇਸ ਕਰਕੇ ਅਤਿਅੰਤ ਗੰਭੀਰ ਅਤੇ ਚਿੰਤਾਜਨਕ ਹੈ ਕਿਉਂਕਿ ਬਹੁਤੇ ਸੱਜਣਾਂ ਨੂੰ ਤਾਂ ਸ਼ਾਇਦ ਇਹ ਵੀ ਪਤਾ ਨਹੀਂ ਹੋਣਾ ਕਿ ਲੜੀਦਾਰ ਸਰੂਪ ਕਹਿੰਦੇ ਕਿਸ ਨੂੰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਉਹ ਸਰੂਪ ਹੈ ਜਿਸ ਨੂੰ ਸ੍ਰੀ ਦਸਮੇਸ਼ ਪਿਤਾ ਜੀ ਨੇ ਗੁਰਤਾ ਗੱਦੀ ਬਖ਼ਸ਼ੀ ਸੀ। ਲੜੀਦਾਰ ਸਰੂਪ ਵਿੱਚ ਗੁਰਬਾਣੀ ਦੇ ਸਾਰੇ ਅੱਖਰ ਜੁੜਤ ਹੁੰਦੇ ਹਨ ਨਾ ਕਿ ਪਦਛੇਦ, ਜਿਸ ਤਰ੍ਹਾਂ ਅੱਜਕਲ ਦੇ ਬਹੁਤੇ ਸਰੂਪ ਦੇਖਣ ਵਿੱਚ ਆਉਂਦੇ ਹਨ। ਲੜੀਦਾਰ ਸਰੂਪ ਵਿੱਚ ਗੁਰਬਾਣੀ ਇਕੋ ਲੜੀ ਵਿੱਚ ਪਰੋਤੀ ਹੋਈ ਹੁੰਦੀ ਹੈ ਅਤੇ ਅੱਖਰਾਂ ਵਿੱਚ ਕੋਈ ਵਿੱਥ ਨਹੀਂ ਹੁੰਦੀ। ਇਹੋ ਹੀ ਸਰੂਪ ਸ਼ਹੀਦਾਂ ਦੇ ਸਿਰਤਾਜ, ਬਾਣੀ ਕੇ ਬੋਹਿਥ ਸ੍ਰੀ ਗੁਰੂ ਅਰਜੁਨ ਦੇਵ ਸਾਹਿਬ ਜੀ ਨੇ ਨਿਰੂਪਣ ਕੀਤਾ ਸੀ। ਬਾਅਦ ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਵੀ ਜਦੋਂ ਭਾਈ ਮਨੀ ਸਿੰਘ ਤੋਂ ਦਮਦਮੀ ਬੀੜ ਤਿਆਰ (ਲਿਖਵਾਈ) ਕਰਵਾਈ ਸੀ ਤਦ ਵੀ ਸਰੂਪ ਦੀ ਲਿਖਾਈ ਲੜੀਦਾਰ ਹੀ ਰਖਵਾਈ ਸੀ। ਸੰਨ ੧੭੦੮ ਵਿੱਚ ਕਲਗੀਧਰ ਪਾਤਸ਼ਾਹ ਨੇ ਗੁਰਤਾ-ਗੱਦੀ ਵੀ ਲੜੀਦਾਰ ਸਰੂਪ ਨੂੰ ਹੀ ਸੌਂਪੀ ਸੀ। ਖ਼ਾਲਸੇ ਨੇ

ਤਕਰੀਬਨ ੨੩੦ ਸਾਲ ਤੱਕ ਇਸੇ ਲੜੀਦਾਰ ਸਰੂਪ ਨੂੰ ਸ਼ਰਧਾ ਭਾਵਨੀ ਸਹਿਤ ਗੁਰੂ ਪ੍ਰਵਾਨਿਆ (ਮੰਨਿਆ) ਸੀ ਪਰ ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿੱਚ ਸਾਡੇ ਕੁਝ ਕੁ ਅਖੌਤੀ ਵਿਦਵਾਨਾਂ ਅਤੇ ਵਾਪਾਰੀਆਂ ਨੇ ਗੁਰਬਾਣੀ ਪਾਠ ਨੂੰ ਸੁਖੈਨ ਬਣਾਉਣ ਦੇ ਮਖੌਟੇ ਹੇਠ ਸ੍ਰੀ ਦਸਮੇਸ਼ ਜੀ ਵਲੋਂ ਗੁਰਤਾ-ਗੱਦੀ ਬਖਸ਼ੇ ਸਰੂਪ - ਲੜੀਦਾਰ ਸਰੂਪ - ਨੂੰ ਤਿਲਾਂਜਲੀ ਦੇ ਕੇ ਪਦਛੇਦ ਬੀੜਾਂ ਛਾਪ ਕੇ ਗੁਰਦੁਆਰਿਆਂ ਵਿੱਚ ਭੋਲੀ ਭਾਲੀ ਸੰਗਤ ਵਲੋਂ ਗੁਰੂ ਵਜੋਂ ਅਸਥਾਪਤ ਕਰਾ ਕੇ (ਸੰਗਤ ਨੂੰ) ਕੁਰਾਹੇ ਪਾ ਦਿੱਤਾ। ਅਸੀਂ ਇਸ ਕਿਤਾਬਚੇ ਵਿੱਚ ਇਸੇ ਵਿਸ਼ੇ (ਲੜੀਦਾਰ ਸਰੂਪ) ਬਾਰੇ ਹੀ ਵਿਚਾਰ ਕਰਨ ਜਾ ਰਹੇ ਹਾਂ।

ਸਾਹਿਬਾਂ ਨੇ ਗੁਰਬਾਣੀ ਦਾ ਲੜੀਦਾਰ ਸਰੂਪ ਕਿਸੇ ਖ਼ਾਸ ਕਾਰਨ ਕਰਕੇ ਹੀ ਨਿਰਧਾਰਤ ਕੀਤਾ ਸੀ ਪਰ ਸ਼ੋਕ ਦੀ ਗੱਲ ਹੈ ਕਿ ਅੱਜ ਦੇ ਨਵੀਨ ਬੁੱਧੀ ਵਾਲੇ ਬੁਧੀਸ਼ਰਾਂ ਅਤੇ ਲਾਲਚੀ ਵਾਪਾਰੀਆਂ ਨੇ ਗੁਰੂ ਸਾਹਿਬ ਦੇ ਕੀਤੇ ਨੂੰ ਉਲਟਾ ਕੇ ਗ਼ਲਤ ਸੋਚਣੀ ਦੇ ਵੱਸ ਪੈ ਕੇ ਗੁਰਬਾਣੀ ਨੂੰ ਪਦ-ਛੇਦ ਕਰਕੇ (ਗੁਰੁ ਸਾਹਿਬ ਦੇ ਅੰਗ ਕੱਟ ਕੇ ਇਕ ਦੂਜੇ ਤੋਂ ਵੱਖਰੇ ਕਰਕੇ) ਬਹੁਤ ਵੱਡਾ ਅਪਰਾਧ ਕੀਤਾ ਹੈ ਅਤੇ ਗੁਰਬਾਣੀ ਦੀ ਘੋਰ ਨਿਰਾਦਰੀ ਕੀਤੀ ਹੈ। ਜਦੋਂ ਕਦੀ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਸੇ ਵਲੋਂ ਕੀਤੀ ਬੇਅਦਬੀ ਦੀ ਖ਼ਬਰ ਸੁਣਦੇ ਹਾਂ ਤਾਂ ਕਿਸ ਤਰ੍ਹਾਂ ਆਪਾਂ ਨੂੰ ਰੋਹ ਆਉਂਦਾ ਹੈ। ਕਈ ਬਰਸ ਪਹਿਲਾਂ ਚੰਦੋ ਕਲਾਂ ਵਿੱਚ ਵਾਪਰੀ ਮੰਦਭਾਗੀ ਘਟਨਾ, ਜਿਸ ਵਿੱਚ ਗੁਰਬਾਣੀ ਦੀਆਂ ਪੋਥੀਆਂ ਅਗਨ-ਭੇਟ ਕਰ ਦਿੱਤੀਆਂ ਗਈਆਂ ਸਨ, ਨੇ ਸਿੱਖ ਪੰਥ ਨੂੰ ਹਿਲਾ ਕੇ ਰੱਖ ਦਿੱਤਾ ਸੀ ਅਤੇ ਬੇਅੰਤ ਗੁਰੂ ਕੇ ਲਾਲ, ਮਰਜੀਵੜੇ ਸਿਰਾਂ ਤੇ ਕਫ਼ਨ ਬੰਨ੍ਹ ਕੇ ਦੁਸ਼ਟਾਂ ਨਾਲ ਦੋ ਹੱਥ ਕਰਨ ਲਈ ਤਿਆਰ ਹੋ ਗਏ ਸਨ। ਹਾਲ ਵਿੱਚ ਹੀ ਭਨਿਆਰੇ ਵਾਲੇ ਨਕਲੀ ਸਾਧ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਅਗਨ-ਭੇਟ ਕਰਨ ਤੇ ਸਿੱਖਾਂ ਵਲੋਂ ਇਕ-ਮੁਠ ਹੋ ਕੇ ਉਸ ਨੂੰ ਮੂੰਹ-ਤੋੜ ਜਵਾਬ ਦਿੱਤਾ ਗਿਆ ਸੀ। ਥੋੜਾ ਸਮਾਂ ਪਹਿਲਾਂ ਹੀ ਰਿਲੀਜ਼ ਕੀਤੀ ਗਈ ਫਿਲਮ - "ਜੋ ਬੋਲੇ ਸੋ ਨਿਹਾਲ" - ਵਿੱਚ ਸਿੱਖਾਂ ਦੇ ਜੈਕਾਰੇ ਨੂੰ ਲੈਕੇ ਸਿੱਖਾਂ ਵਲੋਂ ਤਿੱਖਾ ਪ੍ਰਤਿਕਰਮ ਹੋਇਆ ਪਰ ਬਹੁਤ ਹੀ ਅਫ਼ਸੋਸ ਦੀ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸਭ ਤੋਂ ਵਡੀ ਬੇਹੁਰਮਤੀ ਤਾਂ ਆਪਾਂ ਆਪ ਹੀ ਕਰ ਰਹੇ ਹਾਂ। ਆਪਣੀ ਮਨਮੱਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪਦਛੇਦ ਅਥਵਾ ਟੁਕੜੇ-ਟੁਕੜੇ ਕਰਨ ਤੋਂ ਵੱਧ ਬੇਹੁਰਮਤੀ ਹੋਰ ਕੀ ਹੋ ਸਕਦੀ ਹੈ? ਸੋਚੋ ਤਾਂ ਸਹੀ - ਇਕ ਅਲਪੱਗ ਬੁੱਧੀ ਵਾਲਾ ਜੀਵ ਗੁਰਬਾਣੀ ਦੇ ਸ਼ਬਦਾਂ ਦਾ ਸਹੀ ਢੰਗ ਨਾਲ ਪਦਛੇਦ ਕਿਵੇਂ ਕਰ ਸਕਦਾ ਹੈ। ਕਦਾਚਿਤ ਨਹੀਂ ਕਰ ਸਕਦਾ।

ਵੀਹਵੀਂ ਸਦੀ ਦੇ ਚੌਥੇ ਦਹਾਕੇ ਦੇ ਆਸ ਪਾਸ ਕੂਕਿਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਵੱਖਰੇ ਵੱਖਰੇ ਕਰਕੇ, ਇਹਨਾਂ ਅੰਗਾਂ ਨੂੰ ਕੂਕਿਆਂ ਵਿੱਚ

ਵੰਡ ਦਿੱਤਾ ਗਿਆ ਸੀ ਅਤੇ ਹਰੇਕ ਕੂਕੇ ਨੂੰ ਇਕ ਇਕ ਅੰਗ ਪੜਨ ਵਾਸਤੇ ਕਿਹਾ ਗਿਆ ਸੀ। ਇਸ ਤਰ੍ਹਾਂ ਕਰਨ ਨਾਲ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰਾ ਪਾਠ ਹੋਇਆ ਅਨੁਮਾਨ ਕਰਦੇ ਸਨ ਜੋ ਕਿ ਉਹਨਾਂ ਦੀ ਗ਼ਲਤ ਫ਼ਹਿਮੀ ਸੀ। ਕੂਕਿਆਂ ਦੀ ਇਸ ਕਰਤੂਤਿ ਨਾਲ ਸਿੱਖ ਪੰਥ ਤੜਫ ਉਠਿਆ ਸੀ ਅਤੇ ਕੂਕਿਆਂ ਨੂੰ ਸਖ਼ਤੀ ਨਾਲ ਇਹ ਕੁਕਰਮ ਕਰਨ ਤੋਂ ਰੋਕਿਆ ਗਿਆ ਸੀ। ਕੂਕੇ ਸਿੱਖਾਂ ਦੇ ਰੋਸ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਸ ਮੰਦੇ ਕੁਕਰਮ ਤੋਂ ਕੰਨੀ ਕਤਰਾ ਗਏ ਸਨ। ਤਕਰੀਬਨ ਇਸੇ ਹੀ ਸਮੇਂ ਦੌਰਾਨ ਜਦੋਂ ਕੂਕਿਆਂ ਨੇ ਉੱਪਰ ਦਰਸਾਇਆ ਕੁਕਰਮ ਕੀਤਾ ਸੀ, ਕੁਝ ਕੋਝੀ ਮੱਤ ਦੇ ਮਾਲਿਕ ਅਤੇ ਲੋਭੀ ਅਨਸਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨੂੰ ਖੰਡ-ਖੰਡ ਕਰਨ ਵਿੱਚ ਰੁੱਝੇ ਹੋਏ ਸਨ ਪਰ ਪੰਥ ਨੇ ਫੇਰ ਵੀ ਕੋਈ ਖ਼ਾਸ ਆਵਾਜ਼ ਇਸ ਦੇ ਖ਼ਿਲਾਫ ਨਾ ਉਠਾਈ। ਸਿੱਖਾਂ ਨੇ ਗੁਰੂ ਸਾਹਿਬ ਜੀ ਦੀ ਇਸ ਬੇਹੁਰਮਤੀ ਨੂੰ ਕਿਸ ਤਰ੍ਹਾਂ ਪਰਵਾਨ ਕਰ ਲਿਆ, ਇਹ ਇਕ ਬਹੁਤ ਹੀ ਅਚੰਭੇ ਵਾਲੀ ਗੱਲ ਹੈ। ਸੰਨ ੧੯੧੪-੧੯੧੫ ਦੇ ਆਸ ਪਾਸ ਜਦੋਂ ਭਸੌੜੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਨੂੰ ਪਦਛੇਦ ਕਰਕੇ ਛਾਪਣ ਦਾ ਐਲਾਨ ਕੀਤਾ ਸੀ ਤਾਂ ਇਸ ਕੁਕਰਮ ਨੂੰ ਰੋਕਣ ਲਈ ਪੰਥ ਵਿੱਚ ਹਾਹਾਕਾਰ ਮੱਚ ਗਈ ਸੀ ਅਤੇ ਭਸੌੜੀਆਂ ਦੀਆਂ ਸਕੀਮਾਂ ਧਰੀਆਂ ਧਰਾਈਆਂ ਹੀ ਰਹਿ ਗਈਆਂ ਸਨ ਪਰ ਸਮਝ ਨਹੀਂ ਆਉਂਦੀ ਕਿ ਪੰਥ ਨੇ ੨੦-੨੫ ਸਾਲ ਬਾਅਦ ਹੀ ਕਿਸ ਤਰ੍ਹਾਂ ਇਸ ਕੁਕਰਮ ਨੂੰ ਕਬੂਲ ਕਰ ਲਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਦਛੇਦ ਰੂਪ ਵਿੱਚ ਦੇਖ ਕੇ ਸੂਝਵਾਨ ਪੰਥ ਦਰਦੀਆਂ ਦੇ ਸੀਨੇ ਛਲਣੀ ਛਲਣੀ ਹੋਏ ਪਏ ਹਨ। ਇਸ ਵੇਲੇ ਕੌਮ ਭੰਬਲਭੂਸੇ ਵਿਚ ਫਸੀ ਹੋਈ ਹੈ ਕਿਉਂਕਿ ਅਖੌਤੀ ਵਿਦਵਾਨਾਂ ਅਤੇ ਲਾਲਚੀ ਵਾਪਾਰੀਆਂ ਨੇ ਕੌਮ ਨੂੰ ਗੁਮਰਾਹ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪਾਂ ਨੂੰ ਗੁਰਦੁਆਰਿਆਂ ਵਿਚੋਂ ਕੱਢਵਾ ਕੇ ਪਦਛੇਦ ਬੀੜਾਂ ਨੂੰ ਸਥਾਪਤ ਕਰਵਾ ਦਿੱਤਾ ਹੋਇਆ ਹੈ। ਕੌਮ ਅਜਿਹੀ ਦਲਦਲ ਵਿੱਚ ਜਾ ਡਿੱਗੀ ਹੈ ਜਿੱਥੋਂ ਨਿਕਲਣਾ ਅਸੰਭਵ ਜਿਹਾ ਹੋ ਗਿਆ ਹੈ। ਕੌਮ ਨੂੰ ਇਸ ਤਰਾਸਦੀ ਵਿੱਚੋਂ ਉਭਾਰਨ ਲਈ ਇਸ ਕਿਤਾਬਚੇ ਵਿੱਚ ਕੁਝ ਨੁਕਤਿਆਂ ਤੇ ਵਿਚਾਰ ਕੀਤੀ ਗਈ ਹੈ ਅਤੇ ਆਸ ਹੈ ਕਿ ਕੌਮ ਦੀਆਂ ਪੰਥਕ ਜਥੇਬੰਦੀਆਂ ਅਤੇ ਪ੍ਰਬੰਧਕ ਕਮੇਟੀਆਂ ਇਸ ਅਹਿਮ ਮਸਲੇ ਬਾਰੇ ਸੁਹਿਰਦਤਾ ਨਾਲ ਵਿਚਾਰਨ ਦੀ ਕਿਰਪਾਲਤਾ ਕਰਨਗੀਆਂ। ਸਾਨੂੰ ਆਸ ਹੈ ਕਿ ਇਸ ਲੇਖ ਨੂੰ ਪੜ੍ਹ ਕੇ ਪੰਥ-ਦਰਦੀ ਜੋ ਅਗਿਆਨਤਾ ਵੱਸ ਪੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਲੀ ਸਰੂਪ (ਲੜੀਦਾਰ ਸਰੂਪ) ਤੋਂ ਮੂੰਹ ਮੋੜੀ ਬੈਠੇ ਹਨ, ਉਹ ਦੁਬਾਰਾ ਆਪਣੇ ਅਸਲੀ ਧੁਰੇ (ਲੜੀਦਾਰ ਸਰੂਪ) ਨਾਲ ਜੁੜਨ ਲਈ ਗੰਭੀਰਤਾ ਨਾਲ ਸੋਚਣਗੇ।

# ਹੋਰਨਾਂ ਧਰਮਾਂ ਵੱਲ ਇਕ ਝਾਤ

ਆਪਾਂ ਗੁਰੂ ਕੇ ਸਿੱਖ ਬੜੇ ਮਾਣ ਨਾਲ ਕਹਿੰਦੇ ਹਾਂ ਕਿ ਜਿੰਨਾ ਸਤਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਪਾਂ ਕਰਦੇ ਹਾਂ ਓਨਾ ਸਤਿਕਾਰ ਆਨਮੱਤ ਵਾਲੇ ਆਪਣੇ ਧਰਮ-ਗ੍ਰੰਥਾਂ ਦਾ ਨਹੀਂ ਕਰਦੇ। ਇਹ ਗੱਲ ਹੈ ਵੀ ਠੀਕ ਕਿ ਜਿੰਨੇ ਸਤਿਕਾਰ ਦਾ ਪ੍ਰਗਟਾਵਾ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਕਰਦੇ ਹਾਂ ਓਨਾ ਹੋਰ ਕੋਈ ਕੌਮ ਨਹੀਂ ਕਰਦੀ ਪਰ ਇਥੇ ਇਹ ਵੀ ਦਸਣਾ ਅਕਥਨੀ ਨਹੀਂ ਹੋਵੇਗਾ ਕਿ ਅਸਲ ਵਿੱਚ ਜਿਨੀ ਅਸ਼ਰਧਾ ਦਾ ਪ੍ਰਗਟਾਵਾ ਅਤੇ ਜਿਸ ਤਰਾਂ ਤ੍ਰਿਸਕਾਰ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਟੁਕੜੇ ਟੁਕੜੇ ਕਰਕੇ ਭਾਵ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਭੰਨ ਕੇ ਇਸ ਨੂੰ ਪਦਛੇਦ ਕਰਕੇ, ਕੀਤਾ ਹੈ, ਲਗਦਾ ਹੈ ਇਸ ਤਰਾਂ ਕਿਸੇ ਹੋਰ ਕੌਮ ਨੇ ਆਪਣੇ ਧਰਮ-ਗ੍ਰੰਥਾਂ ਦਾ ਨਹੀਂ ਕੀਤਾ ਹੋਣਾ। ਜਦੋਂ ਹੋਰਨਾਂ ਕੌਮਾਂ ਵਲੋਂ ਆਪਣੇ ਧਾਰਮਿਕ ਗ੍ਰੰਥਾਂ ਦੀ ਅਤੇ ਧਾਰਮਿਕ ਰਵਾਇਤਾਂ ਦੀ ਸੰਭਾਲ ਬਾਰੇ ਸੁਣਦੇ ਹਾਂ ਤਾਂ ਸਾਡਾ ਸਿਰ ਉਹਨਾਂ ਦੀ ਇਸ ਕਰਨੀ ਅੱਗੇ ਸਤਿਕਾਰ ਵਜੋਂ ਝੁਕ ਜਾਂਦਾ ਹੈ ਅਤੇ ਇਸ ਖੇਤਰ ਵਿੱਚ ਆਪਣੀ ਕੌਮ ਦੀ ਕਾਰਗੁਜ਼ਾਰੀ ਵਲ ਦੇਖ ਕੇ ਸਾਡਾ ਸਿਰ ਅਤਿ ਨਿਮੋਝੂਣਤਾ ਅਤੇ ਸ਼ਰਮ ਨਾਲ ਝੁਕ ਜਾਂਦਾ ਹੈ।

ਜਿਸ ਤਰ੍ਹਾਂ ਮੂਸਾਈ (ਯਹੂਦੀ) ਲੋਕਾਂ ਨੇ ਆਪਣੇ ਧਰਮ ਗ੍ਰੰਥਾਂ ਦਾ ਸਤਿਕਾਰ ਕੀਤਾ ਹੈ, ਉਸ ਤਰ੍ਹਾਂ ਕਿਸੇ ਵਿਰਲੀ ਕੌਮ ਨੇ ਹੀ ਕੀਤਾ ਹੈ। ਉਹਨਾਂ ਦੇ ਦੇਸ਼ ਇਜ਼ਰਾਈਲ ਦੇ ਸੰਸਾਰਕ ਤੌਰ ਤੇ ਨਵੀਨਤਾ ਵਿੱਚ ਲੱਖ ਤਰੱਕੀ ਕਰ ਲੈਣ ਦੇ ਬਾਵਜੂਦ ਵੀ ਅੱਜ ਤੱਕ ਆਪਣੇ ਧਾਰਮਕ ਗ੍ਰੰਥ ਤੌਰੇਤ ਨੂੰ ਛਾਪਣ ਤੱਕ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਉਹ ਬੜੀ ਰੀਝ ਅਤੇ ਨੀਝ ਨਾਲ ਇਸ ਨੂੰ ਪਹਿਲੀ ਵਾਰ ਲਿਖਣ ਤੋਂ ਲੈ ਕੇ ਅੱਜ ਤੱਕ ਆਪਣੇ ਹੱਥੀਂ ਲਿਖਦੇ ਆ ਰਹੇ ਹਨ। ਉਹਨਾਂ ਵਲੋਂ ਇਕ ਪੂਰਾ ਮਹਿਕਮਾ ਇਸ ਕੰਮ ਲਈ ਰਾਖਵਾਂ ਕੀਤਾ ਹੋਇਆ ਹੈ ਜਿਸ ਵਿੱਚ ਸੈਂਕੜੇ ਲਿਖਾਰੀ ਮੂਸਾਈਆਂ ਦੇ ਧਾਰਮਿਕ ਗ੍ਰੰਥ ਨੂੰ ਹਥੀਂ ਲਿਖਣ ਦਾ ਕੰਮ ਕਰਦੇ ਹਨ। ਹੋਰ ਤਾਂ ਹੋਰ, ਅੱਜ ਤੱਕ ਉਹਨਾਂ ਨੇ ਆਪਣੇ ਧਾਰਮਿਕ ਗ੍ਰੰਥ ਨੂੰ, ਪੁਰਾਤਨ ਰਵਾਇਤ ਨੂੰ ਜ਼ਿੰਦਾ ਰੱਖਦੇ ਹੋਏ, ਕਿਤਾਬੀ ਰੂਪ ਵੀ ਨਹੀਂ ਦਿੱਤਾ ਅਤੇ ਉਸ ਦਾ ਰੂਪ ਪੁਰਾਤਨ ਸਮੇਂ ਵਾਂਗ ਸਕਰੋਲਸ (scrolls) ਹੀ ਹੈ। ਉਹਨਾਂ ਵਲੋਂ ਹਜ਼ਾਰਾਂ ਸਾਲਾਂ ਲਈ ਖ਼ਾਨਾਬਦੋਸ਼ਾਂ ਦੀ ਜ਼ਿੰਦਗੀ ਬਸਰ ਕਰਨ ਦੇ ਬਾਵਜੂਦ ਵੀ

ਆਪਣੀਆਂ ਧਾਰਮਿਕ ਰਵਾਇਤਾਂ ਨੂੰ ਇਸ ਤਰ੍ਹਾਂ ਜ਼ਿੰਦਾ ਰੱਖਣਾ ਇਕ ਸ਼ਲਾਘਾਯੋਗ ਕਰਮ ਹੈ। ਸਾਨੂੰ ਵੀ ਮੂਸਾਈਆਂ ਕੋਲੋਂ ਸੇਧ ਲੈ ਲੈਣੀ ਚਾਹੀਦੀ ਹੈ ਅਤੇ ਆਪਣੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਜਿਓਂ ਦਾ ਤਿਓਂ ਰਖਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

ਮੂਸਾਈਆਂ ਵਾਂਗ ਇਸਲਾਮ ਦੇ ਪੈਰੋਕਾਰ ਮੁਸਲਮਾਨਾਂ ਵਲੋਂ ਵੀ ਉਹਨਾਂ ਦੀ ਧਾਰਮਿਕ ਪੁਸਤਕ ਕੁਰਾਨ ਸ਼ਰੀਫ਼ ਦੀ ਹਿਫ਼ਾਜ਼ਤ (ਇਸ ਵਿੱਚ ਕਿਸੇ ਤਰਾਂ ਦੀ ਤਬਦੀਲੀ ਕਰਨ ਦੇ ਪੱਖੋਂ) ਜੀਅ-ਜਾਨ ਨਾਲ ਕੀਤੀ ਜਾਂਦੀ ਹੈ। ਕੁਰਾਨ ਵਿੱਚ ਅੱਜ ਤੱਕ ਕਿਸੇ ਪ੍ਰਕਾਰ ਦੀ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਗਈ ਭਾਵੇਂ ਕਿ ਇਸ ਦੀ ਸੰਪਾਦਨਾ ਇਸ ਮੱਤ ਦੇ ਬਾਨੀ ਹਜ਼ਰਤ ਮੁਹੱਮਦ ਦੇ ਫ਼ੌਤ (ਪਰਲੋਕ ਗਮਨ) ਹੋਣ ਤੋਂ ਬਾਅਦ ਕੀਤੀ ਗਈ ਸੀ। ਦੁਨੀਆ ਵਿੱਚ ਇਸਲਾਮ ਦਾ ਪਸਾਰਾ ਬਹੁਤ ਵਸੀਅ (ਵਡਾ) ਹੈ ਅਤੇ ਉਹ ਦੁਨੀਆ ਦੇ ਕੋਨੇ ਕੋਨੇ ਵਿੱਚ ਫੈਲ ਚੁੱਕਾ ਹੈ। ਇਸਲਾਮ ਕਈ ਮੁਲਕਾਂ ਅਤੇ ਕਈ ਬੋਲੀਆਂ ਬੋਲਣ ਵਾਲੇ ਬਸ਼ਿੰਦਿਆਂ (ਲੋਕਾਂ) ਵਲੋਂ ਅਪਨਾਇਆ ਗਿਆ ਹੈ, ਫਿਰ ਵੀ ਸਭ ਮੁਸਲਮਾਨਾਂ ਨੂੰ ਅਰਬੀ ਜ਼ਬਾਨ ਸਿਖਣੀ ਪੈਂਦੀ ਹੈ ਅਤੇ ਅਰਬੀ ਵਿੱਚ ਹੀ ਕੁਰਾਨ ਦਾ ਪਾਠ ਕਰਨਾ ਪੈਂਦਾ ਹੈ। ਮੁਸਲਮਾਨਾਂ ਵਲੋਂ ਕੁਰਾਨ ਦੀ ਅਰਬੀ ਲਿੱਪੀ ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰਮੁਖੀ ਲਿੱਪੀ ਵਾਂਗ, ਖਿਲਵਾੜ ਕਰਕੇ ਇਸ ਦਾ ਪਦਛੇਦ ਜਾਂ ਕੋਈ ਹੋਰ ਰੂਪਾਂਤਰ ਨਹੀਂ ਕੀਤਾ ਗਿਆ। ਕੁਰਾਨ ਦੀ ਛਪਾਈ ਦਾ ਕੰਮ ਬਹੁਤ ਹੀ ਚੰਗੇ ਢੰਗ ਨਾਲ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਅਦਲਾ ਬਦਲੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਪਰ ਪਤਾ ਨਹੀਂ ਸਾਡੇ ਤੇ ਕਿਹੜੀ ਆਫ਼ਤ (ਬਿਪਤਾ) ਆ ਗਈ ਸੀ ਕਿ ਅਸੀਂ ਗੁਰਮੁਖੀ ਲਿੱਪੀ ਵਿੱਚ ਲਿਖੇ ਲੜੀਦਾਰ ਸਰੂਪ ਨੂੰ **ਪੰਜਾਬੀ ਲਿੱਪੀ** ਵਾਲੀ ਲਿਖਤ (ਪਦਛੇਦ) ਵਿੱਚ ਸਵੀਕਾਰ ਕਰ ਲਿਆ ਅਤੇ ਦਸਮੇਸ਼ ਪਿਤਾ ਜੀ ਦੇ ਕੀਤੇ ਨੂੰ ਉਲਟਾ ਕੇ ਇਸ ਪਦਛੇਦ ਵਾਲੀ ਬੀੜ ਨੂੰ ਹੀ ਗੁਰੂ ਮੰਨ ਬੈਠੇ।

ਆਉ ਹੁਣ ਝਾਤੀ ਮਾਰੀਏ ਹਿੰਦੂ ਧਰਮ ਵੱਲ। ਦੁਨੀਆ ਦੇ ਸਭ ਤੋਂ ਪੁਰਾਣੇ ਧਰਮ ਦੇ ਅਨੁਆਈ ਹਿੰਦੂ ਵੀ ਸਾਡੇ ਨਾਲੋਂ ਆਪਣੇ ਧਾਰਮਿਕ ਗ੍ਰੰਥਾਂ ਨੂੰ ਸਾਂਭਣ ਵਿੱਚ ਅਗਾਂਹ ਹਨ। ਉਹਨਾਂ ਦੇ ਤਕਰੀਬਨ ਸਭ ਪੁਰਾਤਨ ਗ੍ਰੰਥ ਸੰਸਕ੍ਰਿਤ ਵਿੱਚ ਲਿਖੇ ਗਏ ਹਨ ਅਤੇ ਇਹਨਾਂ ਵਿੱਚ ਦਰਜ ਕੀਤੇ ਸਲੋਕਾਂ ਵਿੱਚ ਅਜਿਹੇ ਸੰਧੀਵਾਚੀ ਸ਼ਬਦ ਹਨ ਜੋ ਕਿ ਅੱਜ ਤੱਕ ਪਦਛੇਦ ਨਹੀਂ ਕੀਤੇ ਗਏ। ਜਿਨ੍ਹਾਂ ਸੱਜਣਾਂ ਨੇ ਸੰਸਕ੍ਰਿਤ ਪੜ੍ਹੀ ਹੈ ਉਹ ਜਾਣਦੇ ਹਨ ਕਿ ਬਹੁਤੇ ਸਲੋਕ ਤਾਂ ਤੁਹਾਨੂੰ ਕੰਠ ਹੀ ਕਰਨੇ ਪੈਂਦੇ ਹਨ ਕਿਉਂਕਿ ਸੰਸਕ੍ਰਿਤ ਦਾ ਲੜੀਦਾਰ ਰੂਪ ਗੁਰਮੁਖੀ ਨਾਲੋਂ ਬਹੁਤ ਜ਼ਿਆਦਾ ਪੇਚੀਦਾ ਹੈ। ਹਜ਼ਾਰਾਂ ਸਾਲਾਂ ਤੋਂ ਉਹਨਾਂ ਵਲੋਂ ਆਪਣੇ ਧਾਰਮਿਕ ਗ੍ਰੰਥ ਜਿਓਂ ਦੇ ਤਿਓਂ ਕਾਇਮ ਰਖੇ ਗਏ ਹਨ ਅਤੇ ਅੱਜ ਤੱਕ ਉਹਨਾਂ ਨੇ ਆਪਣੇ ਧਾਰਮਿਕ ਗ੍ਰੰਥਾਂ ਦਾ ਪਦਛੇਦ ਨਹੀਂ ਕੀਤਾ। ਪਤਾ ਨਹੀਂ ਆਪਾਂ ਨੂੰ ਕੀ ਹੋ ਗਿਆ ਹੈ ਕਿ

ਆਪਾਂ ਨੇ ੨੩੦ ਸਾਲਾਂ ਵਿੱਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਗੁਰਮੁਖੀ ਲਿੱਪੀ (ਲੜੀਦਾਰ) ਦਾ ਪਦ-ਛੇਦ ਰੂਪਾਂਤਰ ਕਰ ਦਿਤਾ ਹੈ। ਇਸ ਤਰ੍ਹਾਂ ਕਰਕੇ ਅਸੀਂ ਦਸਮੇਸ਼ ਜੀ ਵਲੋਂ ਗੁਰਤਾ ਗੱਦੀ ਤੇ ਸਸ਼ੋਭਤ ਕੀਤੇ ਲੜੀਦਾਰ ਸਰੂਪ ਪ੍ਰਤੀ ਅਸ਼ਰਧਾ ਦਾ ਹੀ ਪ੍ਰਗਟਾਵਾ ਕੀਤਾ ਹੈ ਅਤੇ ਆਪਣੀ ਕੁਮੱਤੜੀ ਅਨੁਸਾਰ ਸਰਬੱਗ ਸਤਿਗੁਰਾਂ ਦੇ ਕੀਤੇ ਨੂੰ ਉਲਟਾ ਕੇ ਇਕ ਨਾ-ਬਖ਼ਸ਼ਿਆ ਜਾਣ ਵਾਲਾ ਅਪਰਾਧ ਕਰ ਬੈਠੇ ਹਾਂ।

ਆਓ ਸਤਿਗੁਰਾਂ ਦੇ ਫ਼ੁਰਮਾਨ

**ਭੁਲਣਅੰਦਰਿਸਭੁਕੋਅਭੁਲੁਗੁਰੂਕਰਤਾਰੁ॥**

ਦਾ ਜ਼ਰਾ ਵਿਚਾਰ ਕਰੀਏ ਜਿਸ ਰਾਹੀਂ ਗੁਰਮਤਿ ਦੇ ਦੋ ਸਿਧਾਂਤ ਸਿੱਧ ਹੁੰਦੇ ਹਨ। ਪਹਿਲਾ ਸਿਧਾਂਤ ਤਾਂ ਇਹ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਅਤੇ ਅਕਾਲ ਪੁਰਖ ਅਭੁਲ ਹਨ ਅਤੇ ਦੂਜਾ ਸਿਧਾਂਤ ਇਹ ਸਿਧ ਹੁੰਦਾ ਹੈ ਕਿ ਗੁਰੂ ਅਤੇ ਕਰਤਾਰ ਤੋਂ ਛੁੱਟ ਬਾਕੀ ਸਭ ਲੋਕਾਈ ਭੁਲਣਹਾਰ ਹੈ ਭਾਵ ਗ਼ਲਤੀ ਕਰਨਹਾਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਸਤਿਗੁਰਾਂ ਵਲੋਂ ਨਿਰੂਪਣ ਕੀਤਾ ਗਿਆ ਹੈ ਅਤੇ ਇਸ ਵਿੱਚ ਗ਼ਲਤੀ ਦੀ ਕੋਈ ਗੁੰਜਾਇਸ਼ ਨਹੀਂ ਹੈ ਪਰ ਪਦਛੇਦ ਬੀੜ ਵਿੱਚ ਜੇਕਰ ਇਕ ਵੀ ਪੰਕਤੀ/ਸ਼ਬਦ ਗ਼ਲਤ ਪਦਛੇਦ ਹੋ ਗਿਆ ਤਾਂ ਗੁਰੂ ਸਾਹਿਬ ਦਾ ਸ਼ਬਦ ਸਰੂਪ (ਸ੍ਰੀ ਗੁਰੂ ਗ੍ਰੰਥ ਸਾਹਿਬ) ਅਭੁੱਲ ਨਹੀਂ ਰਹੇਗਾ ਅਤੇ ਭੁਲਣਹਾਰਾ ਬਣ ਕੇ ਰਹਿ ਜਾਵੇਗਾ। ਹਰ ਇਕ ਪਦ-ਛੇਦ ਲਿਖਾਰੀ ਤੋਂ ਸ਼ਬਦਾਂ ਦੇ ਪਦ-ਛੇਦ ਕਰਨ ਵਿੱਚ ਗ਼ਲਤੀ ਅਵਸ਼ ਹੀ ਹੋਈ ਹੋਵੇਗੀ ਕਿਉਂਕਿ ਸਤਿਗੁਰਾਂ ਦਾ ਬਚਨ **"ਭੁਲਣਅੰਦਰਿਸਭੁਕੋ" ਅਮਿੱਟ ਹੈ ਅਤੇ ਇਸ ਤੋਂ ਕਿਸੇ ਨੂੰ ਵੀ ਛੋਟ ਨਹੀਂ।** ਪਦ-ਛੇਦ ਕਰਨ ਸਮੇਂ ਕਿਸੇ ਪ੍ਰਕਾਰ ਦੀ ਹੋਈ ਇਕ ਗ਼ਲਤੀ ਵੀ ਇਸ ਸਰੂਪ ਨੂੰ "ਅਭੁੱਲ ਗੁਰੂ" ਦੇ ਉਚ ਮਰਤਬੇ ਤੋਂ ਡੇਗ ਦੇਵੇਗੀ। ਇਸ ਤਰਾਂ ਸਤਿਗੁਰਾਂ ਦੇ ਸੱਚੇ ਸ਼ਬਦ ਸਰੂਪ (ਲੜੀਦਾਰ ਸਰੂਪ) ਨੂੰ ਪਦਛੇਦ ਕਰਕੇ ਸਤਿਗੁਰਾਂ ਦੇ ਫੁਰਮਾਨ **"ਭੁਲਣਅੰਦਰਿਸਭੁਕੋਅਭੁਲੁਗੁਰੂਕਰਤਾਰੁ॥"** ਦੇ ਉਲਟ ਸਥਿਤੀ ਪੈਦਾ ਕਰਨ ਵਾਲੇ (ਮਹਾਂ ਅਪਰਾਧ ਕਰਨ ਵਾਲੇ) ਜ਼ਿਮੇਵਾਰ ਲੋਕ ਇਸ ਦੇ ਨਤੀਜੇ ਇਸ ਜਹਾਨ ਵਿੱਚ ਅਤੇ ਅਗਲੇ ਜਹਾਨ ਵਿੱਚ ਵੀ ਜ਼ਰੂਰ ਭੁਗਤਣਗੇ।

# ਪਦਛੇਦ ਕਰਨ ਦੀ ਅਸੰਭਵਤਾ

ਜੇਕਰ ਆਪਾਂ ਮੰਨ ਵੀ ਲਈਏ ਕਿ (ਪਦਛੇਦ ਹਾਮੀਆਂ ਦੇ ਕਥਨ ਅਨੁਸਾਰ) ਲੜੀਦਾਰ ਸਰੂਪ ਨੂੰ ਪਦਛੇਦ ਕਰਨ ਵਿੱਚ ਬਹੁਤ ਫ਼ਾਇਦੇ ਹਨ (ਪਰ ਜਿਹੜੇ ਹਨ ਨਹੀਂ) ਫਿਰ ਵੀ ਸਭ ਤੋਂ ਵੱਡੀ ਸਮੱਸਿਆ ਹੈ:- ਪਦਛੇਦ ਕਰਨ ਦੀ ਅਸੰਭਵਤਾ। ਹਾਂ ਜੀ, ਇਹ ਅਟੱਲ ਸੱਚ ਹੈ ਕਿ ਕੋਈ ਵੀ ਸਹੀ ਤੌਰ ਤੇ ਗੁਰੂ ਸਾਹਿਬ ਦੀ ਗੁਰਬਾਣੀ ਦਾ ਪਦਛੇਦ ਨਹੀਂ ਕਰ ਸਕਦਾ। ਜਿੰਨੀਆਂ ਵੀ ਪਦਛੇਦ ਬੀੜਾਂ ਇਸ ਵਕਤ ਮੌਜੂਦ ਹਨ ਸਭਨਾਂ ਵਿੱਚ ਪਦਛੇਦ ਕਰਨ ਨਾਲ ਸੰਬੰਧਤ ਬੇਅੰਤ ਗ਼ਲਤੀਆਂ ਹਨ। ਸਾਡੇ ਗੁਰੂ ਸਾਹਿਬਾਨ ਪੂਰਨ ਪੁਰਖ, ਪੂਰਨ ਤੱਤ ਕੇ ਬੇਤੇ, ਅਤੇ ਸਰਬੱਗ ਪੁਰਖ ਸਨ। ਦੂਸਰੇ ਸ਼ਬਦਾਂ ਵਿੱਚ ਗੁਰੂ ਸਾਹਿਬ ਦੀ ਗਤਿ ਮਿਤਿ ਜਾਂ ਰੂਹਾਨੀ ਪਰਵਾਜ਼ (ਉਡਾਨ), ਸਾਡੀ ਅਲਪੱਗ ਬੁੱਧੀ ਦੀ ਗੰਮਤਾ (ਪਹੁੰਚ) ਤੋਂ ਪਰੇ ਹੈ। ਵੱਡੇ ਤੋਂ ਵੱਡਾ, ਬੁਧੀਮਾਨ ਤੋਂ ਬੁਧੀਮਾਨ, ਦਾਨਿਆਂ ਤੋਂ ਦਾਨਾ, ਬੀਨਿਆਂ ਤੋਂ ਬੀਨਾ, ਸਿਆਣਿਆਂ ਤੋਂ ਸਿਆਣਾ, ਇਥੋਂ ਤੱਕ ਕਿ ਸੰਤਾਂ ਮਹਾਂਪੁਰਖਾਂ ਵਿੱਚੋਂ ਸਿਰਮੌਰ ਸੰਤ ਮਹਾਂਪੁਰਖ ਵੀ ਗੁਰੂ ਸਾਹਿਬ ਦੀ ਗਤਿ ਨਹੀਂ ਜਾਣ ਸਕਦਾ। ਜੇਕਰ ਸਭ ਦਾਨੇ ਬੀਨੇ ਅਤੇ ਸਿਆਣੇ ਇਕੱਠੇ ਹੋ ਜਾਣ, ਤਾਂ ਵੀ ਉਹ ਗੁਰੂ ਸਾਹਿਬ ਦੀ ਗਤਿ ਮਿਤਿ ਨਹੀਂ ਜਾਣ ਸਕਦੇ। ਸਤਿਗੁਰਾਂ ਦੀ ਮਹਿਮਾ ਅਗੰਮ ਅਗਾਧ ਬੋਧ ਹੈ ਅਤੇ ਉਹਨਾਂ ਵਲੋਂ ਸਾਡੇ ਕਲਿਆਨ ਹਿੱਤ ਉਚਾਰੀ ਸੰਭਾਲੀ ਗਈ ਗੁਰੂ-ਰੂਪ ਗੁਰਬਾਣੀ ਵੀ ਅਗੰਮ ਅਗਾਧ ਬੋਧ ਹੈ। ਕੋਈ ਇਹ ਗੱਲ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਉਸ ਨੂੰ ਗੁਰਬਾਣੀ ਦਾ ਮੁਕੰਮਲ (ਪੂਰੀ ਤਰਾਂ) ਗਿਆਨ ਬੋਧ ਹੋ ਗਿਆ ਹੈ। ਕੋਈ ਇਹ ਗੱਲ ਨਹੀਂ ਕਹਿ ਸਕਦਾ ਕਿ ਉਸ ਨੇ ਗੁਰਬਾਣੀ ਦਾ ਪਾਰਲਾ ਬੰਨਾ ਜਾਂ ਥਾਹ ਪਾ ਲਿਆ ਹੈ। ਜੇਕਰ ਕੋਈ ਕਹਿੰਦਾ ਹੈ ਜਾਂ ਸਮਝਦਾ ਹੈ ਕਿ ਉਸ ਨੇ ਗੁਰਬਾਣੀ ਦਾ ਅੰਤ ਪਾ ਲਿਆ ਹੈ ਤਾਂ ਉਹ ਵਿਅਕਤੀ ਮੂਰਖਾਂ ਸਿਰ ਮਹਾਂ ਮੂਰਖ ਹੈ।

ਉੱਪਰ ਲਿਖੇ ਤੋਂ ਜ਼ਾਹਰ ਹੈ ਕਿ ਕੋਈ ਵੀ ਪ੍ਰਾਣੀ ਗੁਰਬਾਣੀ ਦਾ ਅੰਤ ਨਹੀਂ ਪਾ ਸਕਦਾ। ਗੁਰਬਾਣੀ ਦਾ ਸਹੀ ਪਦਛੇਦ ਕਰਨ ਲਈ ਇਹ ਜ਼ਰੂਰੀ ਹੈ ਕਿ ਇਸ ਦੇ ਅਰਥਾਂ ਦਾ ਬੋਧ ਹੋਵੇ। ਆਪੋ ਆਪਣੀ ਮਤਿ ਅਨੁਸਾਰ ਤਾਂ ਹਰ ਕੋਈ ਵਿਦਵਾਨ ਜਾਂ ਆਮ ਸਾਧਾਰਨ ਜਨ ਗੁਰੂ ਸਾਹਿਬ ਦੀ ਬਾਣੀ ਦੇ ਅਰਥ ਅਨੁਮਾਨ ਕਰਦਾ ਹੈ ਪਰ ਕੋਈ ਇਹ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਉਸ ਵਲੋਂ ਕੀਤੇ ਗਏ ਅਰਥ ਬਿਲਕੁਲ ਠੀਕ ਹਨ। ਅਜਿਹੀਆਂ ਅਣਗਿਣਤ ਪੰਕਤੀਆਂ ਗੁਰਬਾਣੀ ਵਿੱਚ

ਮੌਜੂਦ ਹਨ ਜਿਨ੍ਹਾਂ ਦੇ ਅਰਥਾਂ ਅਤੇ ਪਦਛੇਦ ਬਾਰੇ ਪੰਥ ਦੇ ਵਿਦਵਾਨਾਂ ਵਿੱਚ ਪ੍ਰਸਪਰ ਮੱਤਭੇਦ ਹੈ। ਕੋਈ ਇਹਨਾਂ ਪੰਕਤੀਆਂ ਦਾ ਪਦਛੇਦ ਇਕ ਤਰੀਕੇ ਨਾਲ ਕਰਦਾ ਹੈ ਅਤੇ ਕੋਈ ਦੂਸਰੇ ਤਰੀਕੇ ਨਾਲ। ਦੋਨੋ ਪੱਖ ਆਪੋ ਆਪਣੇ ਮੱਤ ਦੀ ਪ੍ਰੋੜਤਾ ਲਈ ਕਈ ਦਲੀਲਾਂ ਪੇਸ਼ ਕਰਦੇ ਹਨ। ਕਈ ਪੰਕਤੀਆਂ ਤਾਂ ਅਜਿਹੀਆਂ ਹਨ ਜਿਨ੍ਹਾਂ ਦੇ ਤਿੰਨ ਤਰਾਂ ਦੇ ਪਦਛੇਦ ਵੀ ਮਿਲਦੇ ਹਨ। ਇਹਨਾਂ ਵਿਦਵਾਨਾਂ ਦੇ ਅਨੁਆਈਆਂ ਅਤੇ ਪ੍ਰਸ਼ੰਸਕਾਂ ਵਲੋਂ ਜੋ ਬੀੜਾਂ ਛਪਵਾਈਆਂ ਜਾਂਦੀਆਂ ਹਨ, ਉਹ ਵੀ ਉਹਨਾਂ ਦੇ ਆਪਣੇ ਤਰੀਕੇ ਨਾਲ ਕੀਤੇ ਹੋਏ ਪਦਛੇਦ ਤੇ ਅਧਾਰਤ ਹੁੰਦੀਆਂ ਹਨ। ਮਿਸਾਲ ਦੇ ਤੌਰ ਤੇ ਹੇਠਾਂ ਲਿਖੀ ਸ੍ਰੀ ਸੁਖਮਨੀ ਸਾਹਿਬ ਦੀ ਪੰਕਤੀ ਦੋ ਤਰੀਕਿਆਂ ਨਾਲ ਪਦਛੇਦ ਕੀਤੀ ਅਤੇ ਛਪਵਾਈ ਜਾਂਦੀ ਹੈ:

**ਲਾਖਕਰੋਰੀਬੰਧੁਨਪਰੈ ॥**

ਕਈ ਵਿਦਵਾਨ ਇਸ ਪੰਕਤੀ ਦਾ ਪਦਛੇਦ ਇਸ ਤਰਾਂ ਕਰਦੇ ਹਨ:

**ਲਾਖ ਕਰੋਰੀ ਬੰਧੁ ਨ ਪਰੈ ॥**

ਅਤੇ ਦੂਜੇ ਪੱਖ ਵਾਲੇ ਇਸ ਤਰਾਂ ਕਰਦੇ ਹਨ:

**ਲਾਖ ਕਰੋਰੀ ਬੰਧੁਨ ਪਰੈ ॥**

ਦੋਨੋ ਪਾਸੇ ਬੜੇ ਬੜੇ ਵਿਦਵਾਨ ਬੈਠੇ ਹਨ। ਉਹ ਆਪਣੇ ਆਪਣੇ ਤਰੀਕੇ ਨਾਲ ਕੀਤੇ ਪਦਛੇਦ ਨੂੰ ਸਹੀ ਠਹਿਰਾਉਣ ਲਈ ਪੂਰਾ ਟਿੱਲ ਲਾਉਂਦੇ ਹਨ। ਦੋਨਾਂ ਵਿੱਚੋਂ ਇਕ ਪਦਛੇਦ ਹੀ ਸਹੀ ਹੋ ਸਕਦਾ ਹੈ ਕਿਉਂਕਿ ਗੁਰਬਾਣੀ ਦੇ ਕਦੇ ਵੀ ਇਕ ਤੋਂ ਵੱਧ ਅਰਥ ਨਹੀਂ ਹੋ ਸਕਦੇ।

ਹੋਰ ਤਾਂ ਹੋਰ, ਅੱਜ ਤੱਕ ਪੰਥ ਵਿੱਚ ਇਸ ਗੱਲ ਦਾ ਹੀ ਫ਼ੈਸਲਾ ਨਹੀਂ ਹੋ ਸਕਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭਲੇ ਕੁਝ ਸ਼ਬਦਾਂ ਜਿਵੇਂ '੧ੴਸਤਿਨਾਮੁ' ਦਾ ਪਦਛੇਦ ਕਿਵੇਂ ਹੋਣਾ ਚਾਹੀਦਾ ਹੈ। ਇਸ ਨੂੰ ਹੇਠ ਲਿਖੇ ਤਿਨ ਤਰੀਕਿਆਂ ਨਾਲ ਪਦਛੇਦ ਕੀਤਾ ਜਾਂਦਾ ਹੈ:

੧) ੧ੴਸਤਿ ਨਾਮੁ
੨) ੧ੴ ਸਤਿਨਾਮੁ
੩) ੧ੴ ਸਤਿ ਨਾਮੁ

ਪਹਿਲੇ ਪਦਛੇਦ ਵਿੱਚ "ਸਤਿ" ਨੂੰ "੧ੴ" ਦੇ ਨਾਲ ਰੱਖਿਆ ਗਿਆ ਹੈ। ਦੂਜੇ ਪਦਛੇਦ ਵਿੱਚ "ਸਤਿ" ਨੂੰ "ਨਾਮੁ" ਨਾਲ ਮਿਲਾ ਕੇ ਸਮਾਸੀ ਸ਼ਬਦ ਬਣਾਇਆ ਗਿਆ ਹੈ ਅਤੇ ਤੀਜੇ ਵਿੱਚ "ਸਤਿ" ਨੂੰ ਇਕ ਆਜ਼ਾਦ ਸ਼ਬਦ ਵਜੋਂ ਪਦਛੇਦ ਕੀਤਾ ਗਿਆ ਹੈ। ਤਿੰਨਾਂ ਦੇ ਅਰਥ ਵੱਖ ਵੱਖ ਹਨ ਅਤੇ ਅੱਜ ਤੱਕ ਵਿਦਵਾਨ ਇਸ ਬਾਰੇ ਇਕ ਰਾਏ ਨਹੀਂ ਬਣਾ ਸਕੇ ਕਿ ਇਹਨਾਂ ਉੱਪਰ ਦਿੱਤੇ ਗਏ ਤਿੰਨ ਪਦਛੇਦਾਂ ਵਿਚੋਂ ਕਿਹੜਾ ਸਹੀ ਹੈ। ਹੇਠਾਂ ਕੁਝ ਕੁ ਹੋਰ ਵੰਨਗੀਆਂ ਪੇਸ਼ ਹਨ ਜਿਨਾਂ ਤੋਂ ਕਿ ਪਾਠਕ ਜਨ ਭਲੀ ਭਾਂਤੀ

ਜਾਣ ਲੈਣਗੇ ਕਿ ਸਰਬੱਗ ਪੁਰਖਾਂ ਦੀ ਬਾਣੀ ਨੂੰ ਪਦਛੇਦ ਕਰਨਾ ਇਕ ਅਸੰਭਵ ਕਰਮ ਹੈ।

| ਅੰਕ | ਅੰਗ ਨੰਬਰ | ਲੜੀਦਾਰ ਪੰਕਤੀ | ਪਹਿਲੀ ਤਰਾਂ ਦਾ ਪਦਛੇਦ | ਦੂਜੀ ਤਰਾਂ ਦਾ ਪਦਛੇਦ |
|---|---|---|---|---|
| ੧ | ੨ | ਸੁਣਿਐਮੁਖਿਸਾਲਾਹਣਮੰਦੁ॥ | ਸਾਲਾਹਣਮੰਦੁ | ਸਾਲਾਹਣ ਮੰਦੁ |
| ੨ | ੪ | ਪਾਣੀਧੋਤੈਉਤਰਸੁਖੇਹ॥ | ਉਤਰਸੁ | ਉਤਰ ਸੁ |
| ੩ | ੬ | ਗਾਵਹਿਇੰਦਇਦਾਸਣਿਬੈਠੇਦੇਵਤਿਆਦਰਿਨਾਲੇ॥ | ਦੇਵਤਿਆ ਦਰਿ ਨਾਲੇ | ਦੇਵਤਿ ਆਦਰਿ ਨਾਲੇ |
| ੪ | ੭ | ਇਕੁਸੰਸਾਰੀਇਕੁਭੰਡਾਰੀਇਕੁਲਾਏਦੀਬਾਣੁ॥ | ਲਾਏ ਦੀਬਾਣੁ | ਲਾਏ ਦੀ ਬਾਣੁ |
| ੫ | ੯ | ਗਿਆਨੀਧਿਆਨੀਗੁਰਗੁਰਹਾਈ॥ | ਗੁਰ ਗੁਰਹਾਈ | ਗੁਰ ਗੁਰ ਹਾਈ |
| ੬ | ੯ | ਸਭਕੀਮਤਿਮਿਲਿਕੀਮਤਿਪਾਈ॥ | ਸਭ ਕੀਮਤਿ | ਸਭ ਕੀ ਮਤਿ |
| ੭ | ੧ ੨ | ਪੰਕਜਮੋਹਪਗੁਨਹੀਚਾਲੈਹਮਦੇਖਾਤਹਡੂਬੀਅਲੇ॥ | ਪੰਕਜੁ | ਪੰਕ ਜੁ |
| ੮ | ੩੮੫ | ਪਾਵਤੁਰਲੀਆਜੋਬਨਿਬਲੀਆ॥ | ਪਾਵਤੁ ਰਲੀਆ | ਪਾਵ ਤੁਰਲੀਆ |
| ੯ | ੪੬੪ | ਜੋਮਰਿਜੰਮੇਸੁਕਚੁਨਿਕਚੁ॥ | ਕਚੁ ਨਿਕਚੁ॥ | ਕਚੁਨਿ ਕਚੁ॥ |
| ੧੦ | ੪੭੯ | ਸਾਇਰੁਸੋਖਿਭੁਜੰਬਲਇਓ॥ | ਭੁਜੰ ਬਲਇਓ | ਭੁਜੰਬ ਲਇਓ |
| ੧੧ | ੮੧੦ | ਕਰਿਕਿਰਪਾਮੋਹਿਨਾਮੁਦੇਹੁਨਾਨਕਦਰਸਰੀਤਾ॥੪॥੭॥੩੭॥ | ਦਰਸ ਰੀਤਾ | ਦਰ ਸਰੀਤਾ |
| ੧੨ | ੧੦੭੪ | ਨਦਰਿਸਰਾਫਵੰਨੀਸਚੜਾਇਆ॥ | ਵੰਨੀ ਸਚੜਾਇਆ | ਵੰਨੀਸ ਚੜਾਇਆ |

ਇਹਨਾਂ ਉੱਪਰ ਦਿੱਤੀਆਂ ਗਈਆਂ ਪੰਕਤੀਆਂ ਤੋਂ ਇਲਾਵਾ ਹੋਰ ਸੈਂਕੜੇ ਪੰਕਤੀਆਂ ਹਨ ਜਿਨ੍ਹਾਂ ਬਾਰੇ ਪੰਥ ਦੇ ਵੱਡੇ ਵੱਡੇ ਵਿਦਵਾਨ ਵੀ ਇਕ ਰਾਏ ਨਹੀਂ ਬਣਾ ਸਕੇ। ਗੱਲ ਇਥੇ ਮੁੱਕਦੀ ਹੈ ਕਿ ਜਿਹੜਾ ਕੰਮ ਹੋ ਹੀ ਨਹੀਂ ਸਕਦਾ ਅਤੇ ਜਿਹੜਾ ਕੰਮ ਕਰਨ ਨਾਲ ਆਪਾਂ ਗੁਰੂ ਸਾਹਿਬ ਦੇ ਸ਼ਰੀਕ ਬਣਦੇ ਹਾਂ, ਅਜਿਹਾ ਕੰਮ ਕਰਨ ਦੀ ਲੋੜ ਹੀ ਕੀ ਹੈ? ਜਦ ਆਪਾਂ ਗੁਰੂ ਸਾਹਿਬ ਦੀ ਬਾਣੀ ਦਾ ਪਦਛੇਦ ਕਰਨ ਨੂੰ ਸੰਮ੍ਰਥ ਹੀ ਨਹੀਂ ਹਾਂ ਤਾਂ ਫਿਰ ਆਪਾਂ ਨੂੰ ਕੀ ਲੋੜ ਪਈ ਹੈ ਇਸ ਤਰ੍ਹਾਂ ਕਰਕੇ ਆਪਣੀ ਮਹਾਂ ਮੂਰਖਤਾ ਦਾ ਪ੍ਰਗਟਾਵਾ ਕਰਨ ਦੀ ਅਤੇ ਗੁਰੂ ਸਾਹਿਬ ਦੇ ਕੀਤੇ ਨੂੰ ਉਲਟਾਉਣ ਦੇ ਦੋਸ਼ ਦੇ ਭਾਗੀ ਬਨਣ ਦੀ।

# ਕੁਝ ਹੋਰ ਵਿਚਾਰਨਯੋਗ ਨੁਕਤੇ

੧. ਭਾਂਵੇਂ ਗੁਰਬਾਣੀ ਵਿੱਚ ਕਈ ਭਾਸ਼ਾਵਾਂ ਦੇ ਲਫ਼ਜ਼ ਅਤੇ ਫ਼ਿਕਰੇ (ਵਾਕ) ਮੌਜੂਦ ਹਨ ਪਰ ਇਸ "ਧੁਰਿ ਕੀ ਬਾਣੀ" ਨੂੰ ਗੁਰੂ ਸਾਹਿਬ ਨੇ ਇਸ ਸੰਸਾਰ ਵਿੱਚ ਗੁਰਮੁੱਖੀ ਲਿੱਪੀ ਦੇ ਰੂਪ ਵਿੱਚ ਹੀ ਪ੍ਰਗਟ ਕੀਤਾ। ਗੁਰਬਾਣੀ ਦਾ ਅਧਿਐਨ ਕਰਨ ਨਾਲ ਅਤੇ ਖ਼ਾਸ ਕਰਕੇ ਗੁਰਬਾਣੀ ਵਿਆਕਰਣ ਨੂੰ ਵਿਚਾਰਨ ਨਾਲ ਗੁਰਮੁਖੀ ਲਿੱਪੀ ਦੀ ਅਹਿਮੀਅਤ ਬਾਰੇ ਪਤਾ ਲਗਦਾ ਹੈ। ਕਿਸੇ ਖਾਸ ਕਾਰਨ ਕਰਕੇ ਹੀ ਗੁਰੂ ਸਾਹਿਬ ਨੇ ਗੁਰਬਾਣੀ ਨੂੰ ਗੁਰਮੁਖੀ ਲਿੱਪੀ ਵਿੱਚ ਪ੍ਰਗਟ ਕੀਤਾ ਸੀ। ਗੁਰਬਾਣੀ ਨੂੰ ਹੋਰ ਕਿਸੇ ਵੀ ਲਿੱਪੀ ਵਿੱਚ ਨਹੀਂ ਲਿਖਿਆ ਜਾ ਸਕਦਾ ਅਤੇ ਨਾ ਹੀ ਹੋਰ ਲਿੱਪੀ ਵਿੱਚ ਲਿਖੀ ਗਈ ਗੁਰਬਾਣੀ ਦੀ ਬੀੜ ਨੂੰ ਗੁਰੂ ਦਾ ਦਰਜਾ ਦਿਤਾ ਜਾ ਸਕਦਾਂ ਹੈ। ਰੋਮਨ (ਅੰਗਰੇਜ਼ੀ), ਅਰਬੀ ਜਾਂ ਦੇਵਨਾਗਰੀ ਲਿਪੀਆਂ ਵਿੱਚ ਲਿਖੀ ਗਈ ਗੁਰਬਾਣੀ ਦੀ ਬੀੜ ਹਰਗਿਜ਼ ਵੀ ਗੁਰੂ ਦਾ ਦਰਜਾ ਪ੍ਰਾਪਤ ਨਹੀਂ ਕਰ ਸਕਦੀ। ਬਿਲਕੁਲ ਇਸੇ ਤਰਾਂ ਹੀ ਪੰਜਾਬੀ ਵਿੱਚ ਲਿਖੀ ਗਈ ਬੀੜ ਗੁਰੂ ਦਾ ਦਰਜਾ ਨਹੀਂ ਰੱਖ ਸਕਦੀ। ਪੰਜਾਬੀ ਅਤੇ ਗੁਰਮੁਖੀ ਦੇ ਭਾਵੇਂ ਅਖਰ ਇਕੋ ਹੀ ਹਨ ਪਰ ਫਿਰ ਵੀ ਇਹਨਾਂ ਵਿੱਚ ਬਹੁਤ ਫ਼ਰਕ ਹੈ। ਗੁਰਮੁਖੀ ਵਿੱਚ ੩੫ ਅਖਰ ਹਨ ਜਦਕਿ ਪੰਜਾਬੀ ਦੇ ਹੁਣ ਕੋਈ ੪੧ ਅੱਖਰ ਮੰਨੇ ਜਾਂਦੇ ਹਨ। ਗੁਰਮੁਖੀ ਲਿਖਾਈ ਵਿੱਚ ਅੱਧਕ ਦੀ ਵਰਤੋਂ ਨਹੀਂ ਹੁੰਦੀ ਜਦਕਿ ਪੰਜਾਬੀ ਲਿਖਾਈ ਵਿੱਚ ਅੱਧਕ ਦੀ ਵਰਤੋਂ ਹੁੰਦੀ ਹੈ। ਇਕ ਹੋਰ ਬਹੁਤ ਵੱਡਾ ਫਰਕ ਇਹ ਹੈ ਕਿ ਗੁਰਮੁਖੀ ਹਮੇਸ਼ਾਂ ਹੀ ਲੜੀਦਾਰ ਰੂਪ ਵਿੱਚ ਲਿਖੀ ਜਾਂਦੀ ਹੈ ਪਰ ਪੰਜਾਬੀ ਪਦਛੇਦ ਰੂਪ ਵਿੱਚ ਲਿਖੀ ਜਾਂਦੀ ਹੈ। ਸੋ ਪਦਛੇਦ ਕਰਕੇ ਲਿਖੀ ਗਈ ਗੁਰਬਾਣੀ, ਗੁਰਮੁਖੀ ਲਿੱਪੀ ਵਿੱਚ ਲਿਖੀ ਨਹੀਂ ਰਹਿ ਜਾਂਦੀ ਅਤੇ ਇਸੇ ਕਰਕੇ ਪਦਛੇਦ ਕੀਤੀ ਬੀੜ ਗੁਰੂ ਦਾ ਦਰਜਾ ਰਖਣ ਦੇ ਯੋਗ ਨਹੀਂ ਰਹਿ ਜਾਂਦੀ।

੨. ਜੇਕਰ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਤੋਂ ਗ਼ਲਤ ਪਾਠ ਕਰਾਂਗੇ ਤਾਂ ਇਹ ਆਪਣੀ ਅਲਪ ਬੁੱਧੀ ਦੀ ਗ਼ਲਤੀ ਮੰਨੀ ਜਾਵੇਗੀ ਅਤੇ ਕੋਈ ਵੀ ਇਹ ਨਹੀਂ ਕਹਿ ਸਕੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿੱਚ ਗ਼ਲਤ ਲਿਖਿਆ ਹੋਇਆ ਹੈ ਪਰ ਦੂਜੇ ਪਾਸੇ ਪਦਛੇਦ ਬੀੜ

ਵਿੱਚ ਜੇ ਸ਼ਬਦ-ਨਿਖੇੜ ਹੀ ਗ਼ਲਤ ਹੈ ਤਾਂ ਜੋ ਜੋ ਵੀ ਇਸ ਬੀੜ ਤੋਂ ਪਾਠ ਕਰੇਗਾ ਉਹ ਗ਼ਲਤ ਪਾਠ ਹੀ ਕਰਦਾ ਜਾਏਗਾ ਅਤੇ ਇਸ ਗ਼ਲਤ ਕੀਤੇ ਹੋਏ ਪਾਠ ਦਾ ਖ਼ਮਿਆਜ਼ਾ ਉਹ ਸਾਰੇ ਸੱਜਣ ਭੁਗਤਣਗੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਪਦਛੇਦ ਕਰਨ ਵਿੱਚ ਸਹਾਈ ਹੋਏ ਹਨ।

੩. ਜਦ ਆਪਾਂ ਨੂੰ ਪਤਾ ਹੈ ਕਿ ਪਦਛੇਦ ਬੀੜ ਕਿਸੇ ਅਲਪਗ ਵਿਅਕਤੀ ਵਲੋਂ ਲਿਖੀ ਹੋਈ ਹੈ ਫਿਰ ਆਪਾਂ ਨੂੰ ਆਪ ਹੀ ਚਾਹੀਦਾ ਹੈ ਕਿ ਆਪਾਂ ਲੜੀਦਾਰ ਬੀੜ ਤੋਂ ਹੀ ਪਾਠ ਕਰੀਏ। ਪਾਠ ਤਾਂ ਉਹ ਹੁੰਦਾ ਹੈ ਜੋ ਖ਼ੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੜੀਦਾਰ ਬੀੜ ਤੋਂ ਕੀਤਾ ਜਾਵੇ ਪਰ ਕਿਸੇ ਹੋਰ ਵਲੋਂ ਪਦਛੇਦ ਕੀਤੀ ਗਈ ਬੀੜ ਤੋਂ ਪੜ੍ਹਨ ਨੂੰ ਗੁਰਬਾਣੀ ਪਾਠ ਦਾ ਦਰਜਾ ਦੇਣਾ ਠੀਕ ਨਹੀਂ ਭਾਸਦਾ ਕਿਉਂਕਿ ਗੁਰਬਾਣੀ ਓਹ ਹੀ ਹੈ ਜੋ ਗੁਰੂ ਸਾਹਿਬ ਵਲੋਂ ਨਿਰਧਾਰਤ ਤਰੀਕੇ ਨਾਲ ਇੰਨ ਬਿੰਨ ਲਿਖੀ ਗਈ ਹੋਵੇ ਭਾਵ ਕਿ ਲੜੀਦਾਰ ਸਰੂਪ ਵਿੱਚ ਲਿਖੀ ਗਈ ਬਾਣੀ ਹੀ ਗੁਰਬਾਣੀ ਹੋ ਸਕਦੀ ਹੈ। ਪਦਛੇਦ ਲਿਖਤ ਤਾਂ ਕਿਸੇ ਵਿਦਵਾਨ ਜਾਂ ਲਿਖਾਰੀ ਦੇ ਮਨ ਦੀ ਮੱਤ ਹੀ ਹੋ ਸਕਦੀ ਹੈ ਅਤੇ ਇਸੇ ਕਰਕੇ ਹੀ ਦੋ ਪ੍ਰਾਣੀਆਂ ਵਲੋਂ ਆਪਣੀ ਆਪਣੀ ਕੁਮਤੜੀ ਅਨੁਸਾਰ ਪਦਛੇਦ ਕੀਤੀਆਂ ਗਈਆਂ ਪਦਛੇਦ ਬੀੜਾਂ ਆਪਸ ਵਿਚ ਮੇਲ ਨਹੀਂ ਖਾਂਦੀਆਂ।

੪. ਪਦਛੇਦ ਕਰਨ ਵਾਲੇ ਗੁਰਬਾਣੀ ਨੂੰ ਪਦਛੇਦ ਕਰਨ ਦੇ ਭਾਰੀ ਦੋਸ਼ ਦੇ ਭਾਗੀ ਹਨ। ਪਦਛੇਦ ਬੀੜ ਤੋਂ ਸਹਿਜ ਪਾਠ ਜਾਂ ਅਖੰਡ ਪਾਠ ਕਰਨ ਵਾਲੇ ਵੀ ਦੋਸ਼ ਤੋਂ ਰਹਿਤ ਨਹੀਂ ਹੋ ਸਕਦੇ। ਪਦਛੇਦ ਬੀੜ ਦਾ ਗੁਰੂ ਦੇ ਤੌਰ ਤੇ ਪ੍ਰਚਾਰ ਕਰਨ ਵਾਲੇ ਜਾਂ ਇਸ ਨੂੰ ਗੁਰੂ ਦੇ ਤੌਰ ਤੇ ਮੰਨਣ ਵਾਲੇ ਵੀ ਇਸ ਦੋਸ਼ ਤੋਂ ਆਪਣੇ ਆਪ ਨੂੰ ਬਰੀ ਨਹੀਂ ਕਰਾ ਸਕਦੇ। ਲੜੀਦਾਰ ਬੀੜ ਨੂੰ ਪਦਛੇਦ ਕਰਕੇ ਪਦਛੇਦ ਬੀੜ ਤਿਆਰ ਕਰਨੀ ਪੂਰੇ ਗੁਰੂ ਦੇ ਮੁਕਾਬਲੇ ਵਿੱਚ ਭੇਖੀ ਗੁਰੂ ਸਥਾਪਤ ਕਰਨ ਦੇ ਤੁਲ ਹੈ ਅਤੇ ਗਿਆਨੀ ਕਰਤਾਰ ਸਿੰਘ ਭਿੰਡਰਾਂਵਾਲਿਆਂ ਨੇ ਇਕ ਟੇਪ ਵਿੱਚ ਇਥੋਂ ਤੱਕ ਵੀ ਕਿਹਾ ਹੈ ਕਿ ਗੁਰਬਾਣੀ ਨੂੰ ਪਦਛੇਦ ਕਰਨਾ ਮਨਮਤਿ ਹੈ। ਜਦੋਂ ਪਦਛੇਦ ਕਰਨਾ ਮਨਮਤਿ ਹੈ ਤਾਂ ਪਦਛੇਦ ਕੀਤੀ ਬੀੜ ਤੋਂ ਪਾਠ ਕਰਨਾ ਜਾਂ ਇਸ ਨੂੰ ਗੁਰੂ ਮੰਨਣਾ ਕੀ ਮਨਮਤਿ ਨਹੀਂ ਹੋਵੇਗੀ। ਕੀ ਗੁਰੂ ਸਾਹਿਬ (ਦਸਮੇਸ਼ ਪਿਤਾ) ਨੂੰ ਸਮਝ ਨਹੀਂ ਸੀ ਕਿ ਸਿੱਖ ਸੰਗਤਾਂ ਨੂੰ ਲੜੀਦਾਰ ਸਰੂਪ ਤੋਂ ਪਾਠ ਕਰਨ ਵਿੱਚ ਔਖਿਆਈ ਆਵੇਗੀ ਅਤੇ ਇਸ ਨੂੰ ਮੁੱਖ ਰੱਖ ਕੇ ਪਦਛੇਦ ਕਰਾ ਦਿੰਦੇ? ਪਦਛੇਦ ਨਾ ਕਰਨ ਪਿੱਛੇ ਵੀ ਕੋਈ ਗੂੜ੍ਹਾ ਰਾਜ਼ ਹੀ ਹੋਵੇਗਾ ਜਿਸਨੂੰ ਗੁਰੂ ਸਾਹਿਬ ਹੀ ਜਾਣਦੇ ਹਨ। ਹੋ ਸਕਦਾ ਹੈ ਕਿ ਜੇਕਰ ਪਦਛੇਦ ਕਰ ਦਿੰਦੇ ਤਾਂ ਪ੍ਰਾਣੀਆਂ ਨੇ ਗੁਰਬਾਣੀ ਨੂੰ ਬਿਨਾਂ ਵਿਚਾਰੇ, ਬੇਧਿਆਨੇ ਹੀ ਪਾਠ (ਪਦਛੇਦ ਤੋਂ) ਕਰੀ ਜਾਇਆ ਕਰਨਾ ਸੀ।

੫. ਪੰਥਕ ਪੱਧਰ ਦੇ ਫੈਸਲੇ ਕਰਨ ਦਾ ਹੱਕ ਕਿਸੇ ਇਕ ਵਿਅਕਤੀ ਜਾਂ ਸੰਸਥਾ ਨੂੰ ਨਹੀਂ ਹੈ।ਗੁਰੂ ਗ੍ਰੰਥ ਸਾਹਿਬ ਦੇ ਲੜੀਦਾਰ ਸਰੂਪ ਨੂੰ ਪਦ ਛੇਦ ਕਰਨ ਤੋਂ ਪਹਿਲਾਂ ਕੀ ਇਹ ਜ਼ਰੂਰੀ ਨਹੀਂ ਸੀ ਕਿ ਸਰਬਤ ਖਾਲਸਾ ਦਾ ਇਕੱਠ ਆਯੋਜਿਤ ਕੀਤਾ ਜਾਂਦਾ ਅਤੇ ਸਰਬ-ਸੰਮਤੀ ਨਾਲ ਫੈਸਲਾ ਹੋਣ ਤੋਂ ਬਾਅਦ ਹੀ ਪਦ ਛੇਦ ਕਰਨ ਦੀ ਗੱਲ ਕੀਤੀ ਜਾਂਦੀ? ਅਫਸੋਸ ਦੀ ਗੱਲ ਹੈ ਕਿ ਇਨੀ ਵੱਡੀ ਤਬਦੀਲੀ ਕਰਨ ਤੋਂ ਪਹਿਲਾਂ ਕਿਸੇ ਵੀ ਤਰਾਂ ਦੀ ਪੰਥਕ ਇਕੱਤ੍ਰਤਾ ਨਹੀਂ ਕੀਤੀ ਗਈ।

੬. ਅਲੱਗ ਅਲੱਗ ਵਿਦਵਾਨਾਂ ਵਲੋਂ ਪਦ ਛੇਦ ਕਰਨ ਦੇ ਸਿੱਟੇ ਵਜੋਂ ਪਦਛੇਦ ਬੀੜਾਂ ਵਿੱਚ ਕਈ ਤਰਾਂ ਦੇ ਅੰਤਰ ਹਨ। ਅਲੱਗ ਅਲੱਗ ਪ੍ਰਕਾਸ਼ਕਾਂ ਵਲੋਂ ਪ੍ਰਕਾਸ਼ਤ ਕੋਈ ਵੀ ਦੋ ਪਦਛੇਦ ਬੀੜਾਂ ਆਪਸ ਵਿੱਚ ਮੇਲ ਨਹੀਂ ਖਾਂਦੀਆਂ। ਇਸ ਤਰਾਂ ਜਿੰਨੇ ਪ੍ਰਕਾਸ਼ਕ ਹਨ ਓਨੀਆਂ ਹੀ ਅਲੱਗ ਅਲੱਗ ਕਿਸਮ ਦੀਆਂ ਬੀੜਾਂ ਹਨ। ਦੂਜੇ ਸ਼ਬਦਾਂ ਵਿੱਚ ਇਸ ਦਾ ਭਾਵ ਇਹ ਹੋਇਆ ਕਿ ਹਰੇਕ ਪਦਛੇਦ ਕਰਨ ਵਾਲੇ ਪ੍ਰਕਾਸ਼ਕ ਨੇ ਆਪਣਾ ਆਪਣਾ ਗੁਰੂ ਥਾਪ ਦਿੱਤਾ ਹੈ। ਇਸ ਤਰਾਂ ਥਾਪੇ ਗੁਰੂਆਂ ਦੇ ਆਪਸ ਵਿੱਚ ਵਿਚਾਰ ਨਹੀਂ ਮਿਲਦੇ। ਇਕੋ ਪੰਕਤੀ ਦੀ ਭਿੰਨ ਭਿੰਨ ਪਦਛੇਦਤਾ ਕਾਰਨ ਵਿਚਾਰ ਕਿਵੇਂ ਮਿਲ ਸਕਦੇ ਹਨ। ਜਦੋਂ ਗੁਰੂ ਸਾਹਿਬਾਨ ਦੇਹ ਰੂਪ ਵਿੱਚ ਸਨ ਤਾਂ ਕਦੇ ਵੀ ਸਿੱਖਾਂ ਦੇ ਇਕੋ ਸਮੇਂ ਇਕ ਤੋਂ ਵੱਧ ਗੁਰੂ ਨਹੀਂ ਹੋਏ। ਫਿਰ, ਹੁਣ ਕਿਵੇਂ ਇਹ ਸਥਿਤੀ ਹੋ ਗਈ ਹੈ? ਸੋ ਸੱਚੀ ਗੱਲ ਤਾਂ ਇਹੋ ਹੀ ਹੈ ਕਿ ਸੱਚੇ ਤਖ਼ਤ ਤੇ ਬਿਰਾਜਮਾਨ ਹੋਣ ਦੇ ਅਧਿਕਾਰੀ ਕੇਵਲ ਤੇ ਕੇਵਲ ਲੜੀਦਾਰ ਸਰੂਪ ਹੀ ਹਨ। ਪਦਛੇਦ ਕੀਤੀ ਗਈ ਬੀੜ ਨੂੰ ਕਦੇ ਵੀ ਇਹ ਅਧਿਕਾਰ ਪ੍ਰਾਪਤ ਨਹੀਂ ਹੋਣਾ ਚਾਹੀਦਾ।

੭. ਕੌਣ ਛਾਤੀ ਠੋਕ ਕੇ ਕਹਿ ਸਕਦਾ ਹੈ ਕਿ ਉਸਦਾ ਕੀਤਾ ਸ਼ਬਦ-ਨਿਖੇੜ ਠੀਕ ਹੈ? ਜੇ ਕੋਈ ਹਠ ਕਰਕੇ ਕਹੀ ਵੀ ਜਾਵੇ ਕਿ ਉਸ ਦੇ ਕੀਤੇ ਸ਼ਬਦ-ਨਿਖੇੜ ਬਿਲਕੁਲ ਠੀਕ ਹਨ, ਤਾਂ ਕੀ ਅਸੀਂ ਉਸਦਾ ਇਹ ਦਾਅਵਾ ਮੰਨਣ ਨੂੰ ਤਿਆਰ ਹੋਵਾਂਗੇ? ਕਦੇ ਵੀ ਨਹੀਂ। ਸਾਨੂੰ ਪਤਾ ਹੈ ਕਿ ਅਭੁੱਲ ਗੁਰੂ ਤੇ ਕਰਤਾਰ ਹੀ ਹਨ; ਬਾਕੀ ਸਾਰੇ ਅਸੀਂ ਭੁੱਲਣ ਅੰਦਰ ਹੀ ਹਾਂ। ਜਦੋਂ ਸਾਰੇ ਭੁੱਲਣ (ਗੁਰੂ ਕਰਤਾਰ ਤੋਂ ਬਿਨਾ) ਅੰਦਰ ਹਨ, ਤਾਂ ਤੇ ਜਿਸ ਕਿਸੇ ਨੇ ਵੀ ਗੁਰਬਾਣੀ ਨੂੰ ਪਦ ਛੇਦ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਤੋਂ ਪਦ-ਨਿਖੇੜਨ ਵਿੱਚ ਜ਼ਰੂਰ ਬਰ ਜ਼ਰੂਰ ਗ਼ਲਤੀ ਹੋਈ ਹੀ ਹੋਣੀ ਹੈ। ਜਦ ਸਾਨੂੰ ਪਤਾ ਹੀ ਹੈ ਕਿ ਲਿਖਾਰੀ ਨੇ ਗ਼ਲਤੀ ਜ਼ਰੂਰ ਕੀਤੀ ਹੈ ਤਾਂ ਫੇਰ ਉਸ ਦੇ ਇਸ ਗ਼ਲਤ ਕੀਤੇ ਪਦ-ਨਿਖੇੜ ਵਾਲੇ ਰੂਪ ਤੋਂ ਅਸੀਂ ਪਾਠ ਕਰਨ ਨੂੰ ਕਿਉਂ ਤਰਜੀਹ ਦਿੰਦੇ ਹਾਂ? ਪਦਛੇਦ ਕਰਨਵਾਲਾ ਤਾਂ ਪਦ-ਨਿਖੇੜ ਕਰਕੇ ਦੋਸ਼ਾਂ ਦਾ ਭਾਗੀ ਬਣਿਆ ਹੀ ਹੈ, ਅਸੀਂ ਜਾਣਦੇ ਹੋਏ ਵੀ ਪਦਛੇਦ ਬੀੜ ਨੂੰ

ਮਾਨਤਾ ਦੇ ਕੇ ਕਿਉਂ ਦੋਸ਼ਾਂ ਦੇ ਭਾਗੀ ਬਣੀ ਜਾ ਰਹੇ ਹਾਂ? ਲਗਭਗ ੧੯੪੦ ਤੋਂ ਪਹਿਲਾਂ ਸਿੱਖ ਜਨਤਾ ਦੀ ਬਹੁ ਗਿਣਤੀ ਅਨਪੜ ਸੀ। ਉਨ੍ਹਾਂ ਨੇ ਤਾਂ ਕਦੀ ਸ਼ਿਕਾਇਤ ਨਹੀਂ ਸੀ ਕੀਤੀ ਕਿ ਲੜੀਦਾਰ ਸਰੂਪ ਤੋਂ ਪਾਠ ਕਰਨਾ ਔਖਾ ਹੈ ਅਤੇ ਉਹ ਬੜੇ ਉਤਸ਼ਾਹ, ਉਮਾਹ ਅਤੇ ਪਿਆਰ ਨਾਲ ਪਾਠ ਸਿਖਣ ਦੀ ਸੰਥਿਆ ਲਿਆ ਕਰਦੇ ਸਨ, ਜਿਸ ਤੋਂ ਅੱਜ ਕਲ ਦੇ ਪੜੇ ਲਿਖੇ ਕੰਨੀ ਕੁਤਰਾਂਦੇ ਹਨ ਅਤੇ ਸੰਥਿਆ ਲੈਣ ਨੂੰ ਹੱਤਕ ਸਮਝਦੇ ਹਨ। ਤਦੇ ਤਾਂ ਉਹ ਕਹਿੰਦੇ ਹਨ ਕਿ ਪਦਛੇਦ ਰੂਪ ਚਾਹੀਦਾ ਹੈ, ਇਸ ਤੋਂ ਪਾਠ ਕਰਨਾ ਸੌਖਾ ਹੈ, ਭਾਵੇਂ ਇੱਦਾਂ ਅਸ਼ੁੱਧ ਪਾਠ ਕਰਦੇ ਹੋਏ ਪਾਪਾਂ ਦੇ ਭਾਗੀ ਹੀ ਕਿਉਂ ਨਾ ਬਣਨ।

੮. ਕਸਾਈ ਤੋਂ ਵਧ ਦੋਸ਼ੀ ਮਾਸ ਖਾਣਵਾਲਾ ਹੁੰਦਾ ਹੈ। ਕਸਾਈ ਦਾ ਕਹਿਣਾ ਹੈ ਕਿ ਜੇ ਮਾਸ ਖਾਣਵਾਲੇ ਹੀ ਨਾ ਹੋਣ ਤਾਂ ਉਸ ਨੇ ਬੱਕਰੇ ਕੀਹਦੇ ਲਈ ਵੱਢਣੇ ਹਨ ਅਤੇ ਉਸ ਦਾ ਕਸਾਈਪੁਣਾ ਆਪਣੇ ਆਪ ਹੀ ਬੰਦ ਹੋ ਜਾਵੇਗਾ। ਬਿਲਕੁਲ ਇਸੇ ਤਰਾਂ ਹੀ ਜੇਕਰ ਪਦਛੇਦ ਬੀੜ ਤੋਂ ਪਾਠ ਕਰਨਵਾਲਾ ਹੀ ਕੋਈ ਨਹੀਂ ਹੋਵੇਗਾ ਤਾਂ ਪਦਛੇਦ ਦੀ ਮੰਗ ਹੀ ਕੋਈ ਨਹੀਂ ਰਹੇਗੀ। ਜਦੋਂ ਪਦਛੇਦ ਬੀੜ ਦੀ ਕੋਈ ਮੰਗ ਹੀ ਨਹੀਂ ਰਹਿ ਜਾਵੇਗੀ ਤਾਂ ਆਪਣੇ ਆਪ ਪਦਛੇਦ ਲਿਖਾਰੀਆਂ ਜਾਂ ਬਾਜ਼ਾਰੀ ਵਾਪਾਰੀਆਂ ਨੂੰ ਹੋਰ ਨਵੇਂ ਪਦ ਛੇਦ ਰੂਪ ਤਿਆਰ ਕਰਨ ਤੋਂ ਹਟਣਾ ਹੀ ਪਵੇਗਾ। ਸਾਨੂੰ ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਪਦਛੇਦ ਬੀੜ ਨੂੰ ਮਾਨਤਾ ਦੇਣ ਤੋਂ ਆਪਣੇ ਆਪ ਨੂੰ ਹੋੜਨਾ ਚਾਹੀਦਾ ਹੈ। ਵੇਖ ਲਓ, ਪਰਤੱਖ ਨੂੰ ਪਰਮਾਣ ਦੀ ਕੀ ਲੋੜ ਹੈ। ੧੯੪੦ ਤੋਂ ਬਾਅਦ, ਜਦੋਂ ਤੋਂ ਪਦਛੇਦ ਬੀੜ ਨੂੰ ਗੁਰੂ ਮੰਨਣਾ ਸ਼ੁਰੂ ਕੀਤਾ ਹੈ, ਪੰਥ ਦੀ ਢਹਿੰਦੀ ਕਲਾ ਹੁੰਦੀ ਗਈ ਹੈ। ਪੰਥ ਦਰਦੀਆਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਜਦੋਂ ਅਸੀਂ ਪੂਰੇ ਗੁਰੂ ਨੂੰ ਛਡ ਬੈਠੇ ਹਾਂ ਤਾਂ ਫੇਰ ਪੂਰਾ ਗੁਰੂ ਸਾਡੀ ਬਾਂਹ ਕਿਉਂ ਫੜੇ? ਨਤੀਜਾ ਸਾਡੇ ਸਾਹਮਣੇ ਹੀ ਹੈ।

੯. ਜਿਸ ਤਰਾਂ ਇਕ ਬਿਜਲੀ ਦੇ ਸਰਕਟ (circuit) ਵਿੱਚ ਬਿਜਲੀ ਦੀ ਤਾਰ ਨੂੰ ਵਿਚੋਂ ਕੱਟ ਦਿੱਤਾ ਜਾਵੇ ਤਾਂ ਉਸ ਸਰਕਟ ਵਿਚੋਂ ਦੀ ਬਿਜਲੀ ਲੰਘਣੀ ਬੰਦ ਹੋ ਜਾਂਦੀ ਹੈ, ਇਸੇ ਤਰਾਂ ਜਦੋਂ ਲੜੀਦਾਰ ਬੀੜ ਦੇ ਸ਼ਬਦ, ਨਿਖੇੜ (ਪਦਛੇਦ ਕਰ) ਦਿੱਤੇ ਜਾਣ ਤਾਂ ਪਦ ਛੇਦ ਕੀਤੀ ਗਈ ਬੀੜ ਵਿਚ ਆਤਮਕ-ਸ਼ਕਤੀ (ਬਿਜਲੀ) ਦਾ ਬਹਾਅ (flow) ਖ਼ਤਮ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਇਸ ਬੀੜ (ਪਦ-ਛੇਦ) ਤੋਂ ਪਾਠ ਕਰਨਵਾਲੇ ਨੂੰ ਕੋਈ ਆਤਮਕ ਲਾਭ ਪ੍ਰਾਪਤ ਨਹੀਂ ਹੋ ਸਕੇਗਾ।

੧੦. "ਖਾਲਸਾ ਮੇਰੋ ਰੂਪ ਹੈ ਖਾਸ।" : ਜਦੋਂ ਖਾਲਸੇ ਦਾ ਰੂਪ ਖਾਸ ਕਹਿਆ ਹੈ ਤਾਂ ਕੀ ਕਹਿਣ ਵਾਲੇ ਗੁਰੂ ਦਾ ਖਾਸ ਰੂਪ ਨਹੀਂ ਹੋਵੇਗਾ? ਗੁਰੂ ਦਾ

ਰੂਪ ਖਾਸ ਹੀ ਸੀ ਅਤੇ ਨਿਆਰਾ ਸੀ। ਉਸੇ ਖਾਸ ਰੂਪ ਨੂੰ ਹੀ ਖਾਲਸੇ ਦੇ ਪ੍ਰਥਾਏ ਕਹਿਆ ਸੀ ਕਿ "ਜਬਲਗਖਾਲਸਾਰਹੈਨਿਆਰਾ॥ ਤਬਲਗਤੇਜਦੀਉਮੈਸਾਰਾ॥" ਖਾਲਸੇ ਦਾ ਨਿਆਰਾਪਨ ਖਾਲਸੇ ਦੇ ਖ਼ਾਸ ਰੂਪ ਕਰਕੇ ਹੀ ਹੋ ਸਕਦਾ ਹੈ। ਖ਼ਾਸ ਰੂਪ ਖਾਲਸੇ ਦਾ ਕੀ ਹੈ? ਇਹ ਹੈ ਗੁਰਮੁਖੀ ਸ਼ਸਤ੍ਰਾਂ ਬਸਤ੍ਰਾਂ ਵਾਲਾ ਗੁਰਮੁਖੀ ਪਹਿਰਾਵਾ (ਬਾਣਾ)। ਗੁਰੂ ਸਾਹਿਬ ਜੀ ਦਾ ਇਹ ਖ਼ਾਸ ਰੂਪ (ਗੁਰਮੁਖੀ ਸ਼ਸਤਰਾਂ ਬਸਤ੍ਰਾਂ ਵਾਲਾ ਪਹਿਰਾਵਾ) ਗੁਰੂ ਸਾਹਿਬ ਜੀ ਦੇ ਦੇਹਧਾਰੀ ਜਾਮੇ ਦੌਰਾਨ ਸੀ। ਖਾਲਸੇ ਦਾ ਇਹ ਗੁਰਮੁਖੀ ਪਹਿਰਾਵਾ ਰਹਿੰਦੀ ਦੁਨੀਆ ਪ੍ਰਯੰਤ ਰਹੇਗਾ; ਇਸ ਵਿੱਚ ਅਦਲਾ ਬਦਲੀ ਕਰਨ ਦਾ ਗੁਰੂ ਤੋਂ ਬਿਨਾ ਕਿਸੇ ਨੂੰ ਅਧਿਕਾਰ ਨਹੀਂ ਹੈ। ਹੁਣ ਸ਼ਬਦ ਸਰੂਪ ਜਾਮੇ ਵਿੱਚ ਗੁਰੂ ਸਾਹਿਬ ਦਾ ਗੁਰਮੁਖੀ ਪਹਿਰਾਵਾ - ਮੋਤੀਆਂ ਵਾਂਗ, ਇਕ ਲੜੀ ਵਿੱਚ ਪਰੋਤੇ ਹੋਏ ਸ਼ਬਦਾਂ ਦਾ ਲੜੀਦਾਰ ਸਰੂਪ ਹੈ। ਇਸ 'ਲੜੀਦਾਰ ਸਰੂਪ' ਰੂਪੀ 'ਗੁਰਮੁਖੀ ਪਹਿਰਾਵੇ' ਨੂੰ ਮਨਮੁਖੀ ਪਹਿਰਾਵੇ (ਪਦ ਛੇਦ ਰੂਪ) ਵਿੱਚ ਬਦਲਣ ਦਾ ਕਿਸੇ ਵੀ ਵਿਅਕਤੀ ਨੂੰ ਅਧਿਕਾਰ ਨਹੀਂ ਹੈ। ਜਿਸ ਤਰਾਂ ਗੁਰਮੁਖੀ ਬਾਣੇ ਦੀ ਥਾਂ ਧੋਤੀਆਂ, ਪਤਲੂਨਾਂ ਨਹੀਂ ਲੈ ਸਕਦੀਆਂ, ਇਸੇ ਤਰਾਂ ਹੀ ਲੜੀਦਾਰ ਸਰੂਪ ਦੀ ਥਾਂ ਪਦਛੇਦ ਰੂਪ ਨਹੀਂ ਲੈ ਸਕਦਾ।

੧੧. ਪਦਛੇਦ ਕੀਤੀ ਗੁਰਬਾਣੀ ਨੂੰ ਪੜਨਾ ਇਕ ਤਰਾਂ ਦਾ ਟੀਕਾਕਾਰ ਦੇ ਕੀਤੇ ਟੀਕੇ ਦਾ ਪਾਠ ਕਰਨ ਦੇ ਤੁੱਲ ਹੀ ਹੈ।

੧੨. ਜੇਕਰ ਆਪਣੇ ਛੋਟੀ ਜੇਹੀ ਝਰੀਟ ਵੀ ਆ ਜਾਵੇ ਤਾਂ ਆਪਾਂ ਕਿਸ ਤਰਾਂ ਦੁਖੀ ਹੁੰਦੇ ਹਾਂ। ਫਿਰ ਆਪਾਂ ਨੂੰ ਕੀ ਹੱਕ ਹੈ ਕਿ ਆਪਾਂ ਗੁਰੂ ਸਾਹਿਬ ਦੀ ਬਾਣੀ ਦੇ ਟੁਕੜੇ ਟੁਕੜੇ ਕਰੀਏ? ਕਿਸ ਜਿਗਰੇ ਨਾਲ ਆਪਾਂ ਇਨੇ ਵੱਡੇ ਕੁਕਰਮ ਨੂੰ ਕਰਨ ਦਾ ਹੌਂਸਲਾ ਕਰਦੇ ਹਾਂ?

੧੩. ਪੂਰੇ ਗੁਰੂ ਦੇ ਪਿਆਰੇ ਸਚਿਆਰੇ ਸਿੱਖਾਂ ਨੂੰ ੧੭੦੮ ਤੋਂ ਲੈਕੇ ਤਕਰੀਬਨ ੧੯੩੦-੧੯੪੦ ਤੱਕ ਤਾਂ ਪੂਰੇ ਗੁਰੂ ਵਿੱਚ ਕੋਈ ਊਣਤਾਈ ਦਿਖਾਈ ਨਾ ਦਿੱਤੀ। ਹੁਣੇ ਜਿਹੇ ਆਕੇ ਵੀਹਵੀਂ ਸਦੀ ਦੇ ਚਾਤੁਰਾਂ ਨੂੰ ਪੂਰੇ ਗੁਰੂ ਵਿੱਚ ਊਣਤਾਈਆਂ ਦਿਸਣ ਲਗ ਪਈਆਂ ਹਨ ਅਤੇ ਇਸੇ ਕਰਕੇ ਹੀ ਉਹਨਾਂ ਨੇ ਗੁਰੂ ਸਾਹਿਬ ਦੇ ਪਦਛੇਦ ਕਰਕੇ ਟੁਕੜੇ ਟੁਕੜੇ ਕਰ ਦਿੱਤੇ ਹਨ।

੧੪. ਪੰਥ ਦੀ ਅਧੋਗਤੀ ਦਾ ਵੱਡਾ ਕਾਰਨ ਇਹੋ ਹੀ ਹੈ ਕਿ ਅਸੀਂ ਪੂਰੇ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ) ਤੋਂ ਕਿਨਾਰਾ ਕਰਕੇ ਅਧੂਰੇ-ਗੁਰੂ ਪਦਛੇਦ ਬੀੜ ਨੂੰ ਆਪਣਾ ਗੁਰੂ ਮੰਨ ਲਿਆ ਹੈ। ਜਦ ਸਿਰ ਤੇ ਪੂਰਾ ਗੁਰੂ ਹੀ ਨਹੀਂ ਤਾਂ ਕੌਮ ਨੂੰ ਸੇਧ ਦੇ ਕੇ ਭੰਬਲਭੂਸਿਆਂ ਵਿਚੋਂ ਕੱਢੇ ਕੌਣ?

੧੫. ਗੁਰੂ ਸਾਹਿਬ ਜੀ ਦਾ ਫੁਰਮਾਨ ਹੈ ਕਿ - "ਬਾਣੀਬਿਰਲਉਬੀਚਾਰਸੀਜੇਕੋਗੁਰਮੁਖਿਹੋਇ॥" ਭਾਵ ਇਹ ਕਿ ਗੁਰੂ ਕੀ

ਅੰਮ੍ਰਿਤ ਬਾਣੀ ਨੂੰ ਵਿਚਾਰ ਕੇ ਪੜਨਾ ਚਾਹੀਦਾ ਹੈ। ਲੜੀਦਾਰ ਬਾਣੀ ਨੂੰ ਵਿਚਾਰ ਕੇ ਪੜਨਾ ਪੈਂਦਾ ਹੈ, ਜਦ ਕਿ ਪਦਛੇਦ ਕੀਤੀ ਬਾਣੀ ਨੂੰ ਵਿਚਾਰਨ ਦੀ ਖੇਚਲ ਕਰਨ ਦੀ ਲੋੜ ਹੀ ਨਹੀਂ ਪੈਂਦੀ। ਕਿਸੇ ਪਦਛੇਦੀਏ ਵਲੋਂ ਪਦਛੇਦ ਕੀਤੀ ਬਾਣੀ ਨੂੰ ਪੜਨਵਾਲਾ ਬਿਨਾਂ ਵਿਚਾਰ ਕੀਤੇ ਹੀ ਪੜੀ ਜਾਂਦਾ ਹੈ। ਇਸ ਤਰਾਂ ਗੁਰੂ ਸਾਹਿਬ ਦੇ ਬਚਨ ਰੂਪੀ ਹੁਕਮ ਦੀ ਉਲੰਘਣਾ ਹੁੰਦੀ ਹੈ।

੧੬. ਜਿਨੇ ਵੀ ਭੇਖੀ ਸੰਤ ਮਹੰਤ ਅਤੇ ਅਖਾਉਤੀ ਗੁਰੂ ਬਣੇ ਬੈਠੇ ਹਨ, ਉਹ ਸਭ ਉਹਨਾਂ ਦਿਆਂ ਚੇਲਿਆਂ ਚਾਟੜਿਆਂ ਦੇ ਥਾਪੇ ਹੋਏ ਹੀ ਹੁੰਦੇ ਹਨ, ਅਕਾਲ ਪੁਰਖ ਵਲੋਂ ਨਹੀਂ। ਅਕਾਲ ਪੁਰਖ ਦੀ ਆਗਿਆ ਅਨੁਸਾਰ ਲੜੀਦਾਰ ਬੀੜ ਨੂੰ ਸ੍ਰੀ ਦਸਮੇਸ਼ ਜੀ ਨੇ ਆਪ ਗੁਰੂ ਥਾਪਿਆ ਹੈ ਜਦੋਂ ਕਿ ਪਦਛੇਦ ਬੀੜ ਨੂੰ ਅਲਪੱਗ ਬੁੱਧੀ ਵਾਲੇ ਪ੍ਰਕਾਸ਼ਕਾਂ ਅਤੇ ਵਾਪਾਰੀਆਂ ਨੇ ਕੌਮ ਦੇ ਸਿਰ ਤੇ ਗੁਰੂ ਥਾਪਿਆ ਹੈ।

੧੭. ਸਰਬੱਗ ਗੁਰੂ ਸਾਹਿਬ ਵਲੋਂ ਕੀਤੇ ਨੂੰ ਇਕ ਤੁੱਛ ਬੁੱਧੀ ਜੀਵ ਵਲੋਂ ਉਲਟਾਉਣਾ ਮਹਾਂ ਮੂਰਖਤਾ ਮਈ ਗ਼ਲਤੀ ਹੈ ਅਤੇ ਇਸ ਕੀਤੇ ਮਹਾਂ ਮੂਰਖਤਾ ਵਾਲੇ ਕੁਕਰਮ ਨੂੰ ਪਰਵਾਨ ਕਰਨਾ ਤਾਂ ਹੋਰ ਵੀ ਮਹਾਂ ਮਹਾਂ ਮਹਾਂ ਮੂਰਖਤਾ ਅਤੇ ਮਨਮਤਿ ਹੈ। ਇਸ ਲਈ ਇਸ ਪਦਛੇਦ ਕਰਨ ਵਾਲੀ ਮਨਮੱਤੜੀ ਵਾਦੀ ਨੂੰ ਠੱਲ ਪਾਉਣੀ ਹਰ ਇਕ ਸਚਿਆਰ ਸਿੱਖ ਦਾ ਫਰਜ਼ ਬਣਦਾ ਹੈ।

੧੮. ਕਿਸੇ ਲਿਖਤ ਦੀ ਇੰਨ ਬਿੰਨ ਕੀਤੀ ਨਕਲ ਹੀ ਉਸ ਅਸਲ (original) ਲਿਖਤ ਦੀ ਨਕਲ ਕਹਾ ਸਕਦੀ ਹੈ। ਅਸਲ ਲਿਖਤ ਦੀ ਨਕਲ ਕਰਦੇ ਹੋਏ ਇਸ ਵਿੱਚ ਕਿਸੇ ਤਰਾਂ ਦੀ ਰੱਦੋ-ਬਦਲ ਕਰਨ ਕਰਕੇ ਇਹ ਅਸਲ ਲਿਖਤ ਦੀ ਨਕਲ ਨਹੀਂ ਕਹਾ ਸਕੇਗੀ। ਇਸ ਕਥਨ ਦਾ ਸਬੂਤ ਹੇਠ ਲਿਖੇ ਤਰੀਕੇ ਨਾਲ ਅਜ਼ਮਾਇਆ ਜਾ ਸਕਦਾ ਹੈ:- ਗੁਰਬਾਣੀ ਦੇ ਕਿਸੇ ਵੀ ਇਕ ਪੂਰੇ ਸ਼ਬਦ ਦੀ ਨਕਲ (ਪਦਛੇਦ ਕਰਕੇ ਲਿਖੀ ਲਿਖਤ) ਕਿਸੇ ਵੀ ਤਸਦੀਕ-ਕਰਤਾ (ਅਟੈਸਟਿੰਗ ਅਥਾਰਟੀ) ਕੋਲ ਲੈ ਜਾਓ ਅਤੇ ਉਸ ਨੂੰ ਕਹੋ ਕਿ ਇਸ ਨੂੰ ਤਸਦੀਕ (ਅਟੈਸਟ) ਕਰ ਦੇਵੇ ਕਿ ਇਹ ਨਕਲ (ਪਦਛੇਦ ਕਰਕੇ ਲਿਖੀ ਲਿਖਤ) ਗੁਰਬਾਣੀ ਦੇ ਸ਼ਬਦ ਦੀ ਨਕਲ ਹੈ ਤਾਂ ਵੇਖ ਲੈਣਾ ਕਿ ਉਹ ਤਸਦੀਕ-ਕਰਤਾ ਇਹ ਕਦੇ ਵੀ ਲਿਖ ਕੇ ਨਹੀਂ ਦੇਵੇਗਾ ਕਿ 'ਪਦਛੇਦ ਕਰਕੇ ਲਿਖੀ ਲਿਖਤ', ਗੁਰਬਾਣੀ ਦੇ ਸ਼ਬਦ ਦੀ ਅਸਲ ਨਕਲ ਹੈ। ਦੂਜੇ ਪਾਸੇ ਇਹ ਦੇਖ ਲੈਣਾ ਕਿ ਉਸੇ ਸ਼ਬਦ ਦੀ ਨਕਲ 'ਲੜੀਦਾਰ ਰੂਪ ਵਿੱਚ ਲਿਖੀ ਲਿਖਤ' ਨੂੰ ਉਸੇ ਤਸਦੀਕ ਕਰਤਾ ਕੋਲ ਲੈ ਜਾਵੋ, ਉਹ ਤੁਰੰਤ ਹੀ

ਤਸਦੀਕ ਕਰ ਦੇਵੇਗਾ ਕਿ ਇਹ 'ਲੜੀਦਾਰ ਰੂਪ ਵਿਚ ਲਿਖੀ ਲਿਖਤ' ਸ਼ਬਦ ਦੀ ਅਸਲ ਨਕਲ ਹੈ। ਉਪਰੋਕਤ ਉਦਾਰਣ ਨੂੰ ਧਿਆਨ ਵਿਚ ਰਖਦਿਆਂ ਪਾਠਕ ਜਨ ਆਪ ਹੀ ਨਿਰਣਾ ਕਰ ਲੈਣ ਕਿ ਗੁਰੂ ਕਿਰਤ ਨੂੰ ਪਦ-ਛੇਦ (ਰੱਦੋ-ਬਦਲ) ਕਰਕੇ ਲਿਖੀ ਲਿਖਤ ਗੁਰਬਾਣੀ ਕਹਾ ਸਕੇਗੀ ?

੧੯. ਆਓ ਹੁਣ ਦੇਖੀਏ ਕਿ ਕਿਸੇ ਸਮੇਂ ਜੇ ਕੋਈ ਦੂਜੇ ਮੱਤ ਦਾ ਸ਼ਰਧਾਲੂ, ਸਿਖ ਧਰਮ ਵਿੱਚ ਪ੍ਰਵੇਸ਼ ਕਰਨ ਲਈ ਸੋਚ ਰਿਹਾ ਹੋਵੇ ਅਤੇ ਅਚਨਚੇਤ ਉਸ ਨੂੰ ਵੱਖ ਵੱਖ ਪ੍ਰਕਾਸ਼ਕਾਂ ਵਲੋਂ ਪ੍ਰਕਾਸ਼ਤ ਕੀਤੀਆਂ ਪਦਛੇਦ ਬੀੜਾਂ ਨੂੰ ਘੋਖਣ ਦਾ ਮੌਕਾ ਮਿਲ ਜਾਵੇ ਅਤੇ ਉਹ ਦੋਨਾਂ ਬੀੜਾਂ ਵਿੱਚ ਇਕੋ ਸ਼ਬਦ ਦੇ ਵੱਖ ਵੱਖ ਪਦ-ਨਿਖੇੜ ਪੜੇ ਤਾਂ ਕੀ ਉਹ ਹੱਕਾ-ਬੱਕਾ ਹੋ ਕੇ ਨਹੀਂ ਰਹਿ ਜਾਵੇਗਾ। ਜ਼ਰਾ ਵਿਚਾਰੋ ਕਿ ਉਹ ਗੁਰਬਾਣੀ ਬਾਰੇ ਕੀ ਸੋਚੇਗਾ ਅਤੇ ਇਸ ਉਤੇ ਕਿਸ ਤਰ੍ਹਾਂ ਦੀ ਸ਼ਰਧਾ ਅਤੇ ਭੈ-ਭਾਵਨੀ ਲਿਆਏਗਾ ?

੨੦. ਸਿਖ ਧਰਮ ਦੀ ਇਹ ਵਿਲੱਖਣਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਦਾਰ ਬੀੜ ਖੁਦ ਗੁਰੂ ਸਾਹਿਬ ਵਲੋਂ ਲਿਖਵਾਈ ਗਈ ਸੀ। ਸਿੱਖ ਧਰਮ ਤੋਂ ਛੁੱਟ ਹੋਰ ਸਭ ਧਰਮਾਂ ਦੇ ਧਰਮ ਗ੍ਰੰਥ ਉਹਨਾਂ ਦਿਆਂ ਧਰਮ ਮੁਖੀਆਂ ਵਲੋਂ ਆਪ ਨਹੀਂ ਲਿਖਾਏ ਗਏ ਬਲਕਿ ਉਹਨਾਂ ਦਿਆਂ ਪੈਰੋਕਾਰਾਂ/ ਅਨੁਆਈਆਂ ਵਲੋਂ ਬਾਅਦ ਵਿੱਚ ਲਿਖੇ ਗਏ। ਇਸ ਦੇ ਬਾਵਜੂਦ ਵੀ ਉਹਨਾਂ ਵਲੋਂ ਉਹਨਾਂ ਦਿਆਂ ਧਾਰਮਿਕ ਗ੍ਰੰਥਾਂ ਵਿੱਚ ਕਿਸੇ ਤਰਾਂ ਦੀ ਰੱਦੋ-ਬਦਲ ਦੀ ਇਜਾਜ਼ਤ ਨਹੀਂ ਦਿਤੀ ਜਾਂਦੀ। ਦੂਜੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਦਾਰ ਬੀੜ, ਜੋ ਕਿ ਖ਼ੁਦ ਗੁਰੂ ਸਾਹਿਬ ਵਲੋਂ ਲਿਖਵਾਈ ਗਈ ਸੀ, ਦਾ ਸਰੂਪ ਪ੍ਰਕਾਸ਼ਕਾਂ/ਲਿਖਾਰੀਆਂ ਵਲੋਂ ਪਦਛੇਦ ਕਰਕੇ ਵਿਗਾੜ ਦਿਤਾ ਗਿਆ ਹੈ ਅਤੇ ਭੋਲੀ ਭਾਲੀ ਸੰਗਤ ਨੇ ਅਣਜਾਣਪੁਣੇ ਵਿੱਚ ਪ੍ਰਵਾਨ ਕਰ ਲਿਆ ਹੈ। ਇਸ ਤੋਂ ਪਾਠਕ ਜਨ ਖ਼ੁਦ ਹੀ ਅੰਦਾਜ਼ਾ ਲਾ ਲੈਣ ਕਿ ਸਿੱਖਾਂ ਵਿੱਚ ਆਪਣੇ ਗੁਰੂ ਸਾਹਿਬ ਵਾਸਤੇ ਕਿੰਨੀ ਕੁ ਭੈ ਭਾਵਨੀ ਹੈ।

੨੧. ਹਰੇਕ ਗੁਰਦੁਆਰਾ ਸਾਹਿਬ ਵਿਚ ਅਰਦਾਸ ਤੋਂ ਮਗਰੋਂ ਹੇਠਾਂ ਦਿੱਤਾ ਦੋਹਰਾ ਪੜ੍ਹਿਆ ਜਾਂਦਾ ਹੈ :

**ਅਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।**
**ਸਭ ਸਿਖਨਿ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ**
**ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ**

**ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈਂ ਲੇਹ।**

**ਰਾਜ ਕਰੇਗਾ ਖ਼ਾਲਸਾ ਆਕੀ ਰਹੈ ਨ ਕੋਇ**

**ਖ੍ਵਾਰ ਹੋਇ ਸਭ ਮਿਲੈਂਗੇ ਬਚੈ ਸ਼ਰਨ ਜੋ ਹੋਇ।**

ਉੱਪਰਲੇ ਦੋਹਰੇ ਵਿਚ ਸਪੱਸ਼ਟ ਤੌਰ ਤੇ ਦਸਮੇਸ਼ ਪਿਤਾ ਜੀ ਦਾ ਸਾਰੇ ਸਿੱਖਾਂ ਨੂੰ ਹੁਕਮ ਹੈ ਕਿ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਹੈ ਅਤੇ ਨਾਲ ਇਹ ਵੀ ਪ੍ਰੋੜਤਾ ਕੀਤੀ ਹੈ ਕਿ ਇਹ ਗ੍ਰੰਥ ਦਸਾਂ ਗੁਰੂ ਸਾਹਿਬਾਨ ਦੀ ਪ੍ਰਗਟ ਦੇਹ (ਸਰੀਰ) ਹੈ। ਖੜਗੇਸ਼ ਪਿਤਾ ਜੀ ਨੇ ਇਸੇ ਦੇਹ (ਗ੍ਰੰਥ ਸਾਹਿਬ) ਨੂੰ ਤਖ਼ਤ ਤੇ ਬਿਰਾਜਮਾਨ ਕਰਕੇ ਗੁਰਤਾ ਗੱਦੀ ਬਖ਼ਸ਼ੀ ਸੀ ਅਤੇ ਉਸ ਸਮੇਂ ਇਸ ਗ੍ਰੰਥ ਦਾ ਰੂਪ, ਲੜੀਦਾਰ ਸਰੂਪ ਸੀ। ਕਿਸੇ ਵੀ ਰਹਿਤਨਾਮੇ ਵਿਚ ਲਿਖਿਆ ਨਹੀਂ ਮਿਲਦਾ ਕਿ ਦਸਮ ਪਿਤਾ ਜੀ ਨੇ ਸਿੱਖਾਂ ਨੂੰ ਅਗਾਂਹੂੰ ਹੀ ਸੁਚੇਤ ਕੀਤਾ ਹੋਵੇ ਕਿ ਸਮੇਂ ਦੇ ਲੰਘਣ ਨਾਲ ਮੇਰੀ ਦੇਹ (ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜੀਦਾਰ ਸਰੂਪ) ਵਿਚ ਉਣਤਾਈਆਂ ਆਉਣਗੀਆਂ ਅਤੇ ਆਉਣ ਕਰਕੇ ਤੁਸੀਂ ਆਪਣੀ ਮਨ-ਮਰਜ਼ੀ ਅਨੁਸਾਰ ਇਸ ਵਿੱਚ ਸੋਧ ਸੁਧਾਈ ਕਰ ਸਕੋਗੇ। ੧੯੩੦ ਵਿਆਂ ਦੇ ਅੱਧ ਤੱਕ ਤਾਂ ਇਸੇ ਦੇਹ ਦੀ ਸੋਧ-ਸੁਧਾਈ ਕਰਨ (ਪਦ-ਛੇਦ ਕਰਨ) ਲਈ ਕਿਸੇ ਸਿੱਖ ਨੇ ਜੁਰਅੱਤ ਨਹੀਂ ਕੀਤੀ ਪਰ ੧੯੩੦ ਵਿਆਂ ਦੇ ਪਿਛਲੇ ਅੱਧ ਦੇ ਅਖੀਰਲੇ ਸਾਲਾਂ ਵਿਚ ਕੁਝ ਆਪੋ ਚਾਤੁਰ ਬਣੇ ਸਿੱਖਾਂ ਅਤੇ ਕੁਬੁੱਧੀ ਜੀਵਿਆਂ ਨੇ ਇਸ ਦੇਹ (ਗ੍ਰੰਥ) ਦੀ ਸੋਧ-ਸੁਧਾਈ ਕਰਨ (ਪਦ-ਛੇਦ ਕਰਨ) ਦਾ ਕਿਵੇਂ ਹੌਸਲਾ ਕਰ ਲਿਆ ਇਹ ਪਦ-ਛੇਦ ਕਰਨ ਵਾਲਾ ਕੁਰਕਮ ਕਰਨ ਵਾਲਿਆਂ ਨੂੰ ਇਸ ਕੁਕਰਮ ਕਰਨ ਦਾ ਫਲ ਅਵੱਸ਼ ਭੁਗਤਣਾ ਪਵੇਗਾ। ਦਿਆਲੂ ਸਤਿਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਮੇਹਰ ਕਰਕੇ ਆਪ ਹੀ ਇਹਨਾਂ ਨੂੰ ਬਖਸ਼ ਲੈਣ। ਦੂਜੀ ਗੱਲ ਇਹ ਹੈ ਕਿ ਸੰਸਾਰ ਵਿਖੇ ਵਿਚਰਨ ਸਮੇਂ ਹਰੇਕ ਗੁਰੂ ਸਾਹਿਬ (ਪਹਿਲੇ ਨਾਨਕ ਤੋਂ ਦਸਵੇ ਨਾਨਕ ਤੱਕ) ਦੀ ਇਕ ਸਮੇਂ ਇਕੋ ਦੇਹ (ਸਰੀਰ) ਹੁੰਦੀ ਸੀ ਤਾਂ ਕੀ ਅੱਜ ਵੀ ਸੱਚੇ ਗੁਰੂ ਗ੍ਰੰਥ ਸਾਹਿਬ ਦੀ ਇਕੋ ਦੇਹ (ਲੜੀਦਾਰ ਸਰੂਪ) ਨਹੀਂ ਹੋਣੀ ਚਾਹੀਦੀ? ਕੀ ਅੱਜ ਦਸਾਂ ਗੁਰੂ ਸਾਹਿਬਾਨ ਦੀ ਪ੍ਰਗਟ ਦੇਹ ਗੁਰੂ ਗ੍ਰੰਥ ਸਾਹਿਬ ਦੀਆਂ ਭਿੰਨ-ਭਿੰਨ ਬਣਤਰ ਵਾਲੀਆਂ ਦੋ ਦੇਹਾਂ (ਲੜੀਦਾਰ ਸਰੂਪ ਅਤੇ ਪਦ-ਛੇਦ) ਹੋ ਸਕਦੀਆਂ ਹਨ? ਕਦਾਚਿਤ ਨਹੀਂ। ਮੁੱਕਦੀ ਗੱਲ ਇਹ ਹੈ ਕਿ ਪਦ-ਛੇਦ ਬੀੜ ਮਨੁੱਖੀ ਕਾਢ ਹੈ ਅਤੇ ਇਸ ਕਰਕੇ ਹਰਗਿਜ਼ ਗੁਰਾਂ ਦੀ ਦੇਹ ਨਹੀਂ ਕਹਾ ਸਕਦੀ।

੨੨. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਸਕੱਤਰ ਭਾਈ ਹਰਮਹਿੰਦਰ ਸਿੰਘ ਜੀ ਦੇ ਲਿਖੇ ਟਰੈਕਟ **"ਪੰਥ ਦੀ ਚੜ੍ਹਦੀ ਕਲਾ ਲਈ ਤੱਤ ਗੁਰਮਤਿ ਖੋਜ ਅਤੇ ਵਿਚਾਰ"** ਵਿੱਚੋਂ ਹੇਠ ਲਿਖੀ ਸਾਖੀ ਦਰਜ ਕੀਤੀ ਜਾਂਦੀ ਹੈ:

**ਅੰਮ੍ਰਿਤ ਸੰਚਾਰ ਸਮੇਂ ਦੀ ਅਸਚਰਜ ਘਟਨਾ** -

ਗੁਰਮਤਿਮਤਿਅਚਲੁਹੈਚਲਾਇਨਸਕੈਕੋਇ॥

(ਸਲੋਕ ਮ: ੩, ਬਿਹਾਗੜੇ ਕੀ ਵਾਰ, ਅੰਗ ੫੪੮-੪੯)

੧੯੭੮ ਵਿਸਾਖੀ ਦੇ ਸਮਾਗਮ ਦੇ ਪੰਚਾਂ ਅਤੇ ਇਕ ਅੰਮ੍ਰਿਤ-ਅਭਿਲਾਖੀ ਜੋੜੇ ਦੇ ਵਿਚਕਾਰ ਜੋ ਗੱਲ-ਬਾਤ ਹੋਈ, ਉਹ ਆਮ ਸੰਗਤ ਦੇ ਗਿਆਤ ਲਈ ਜ਼ਰੂਰੀ ਸਮਝੀ ਗਈ ਹੈ।

ਇਕ ਸਿੰਘ ਤੇ ਸਿੰਘਣੀ : (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ, ਉਠ ਕੇ, ਦੋਇ ਹੱਥ ਜੋੜ ਕੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਫ਼ਤਿਹ ॥)

ਪੰਚ : ਕਿਵੇਂ ਆਏ ਜੇ?

ਸਿੰਘ : ਜੀ ਅਸੀਂ ਅਨੰਦਪੁਰ ਸਾਹਿਬ ਸਮਾਗਮ ਤੇ ਅੰਮ੍ਰਿਤ ਪਾਨ ਕੀਤਾ ਸੀ। ਮੇਰੀ ਸਿੰਘਣੀ ਨੂੰ ਬੜੀ ਘਬਰਾਹਟ ਰਹਿੰਦੀ ਹੈ। ਇਸ ਉੱਤੇ ਕਿਸੇ ਰੂਹ ਦਾ ਅਸਰ ਹੈ। ਕੁਝ ਕਿਰਪਾ ਕਰੋ।

ਪੰਚ : (ਬੀਬੀ ਨੂੰ ਮੁਖ਼ਾਤਬ ਕਰ ਕੇ) ਕਿਉਂ ਬੀਬੀ, ਕੀ ਗੱਲ ਹੈ?

ਬੀਬੀ : ਦਿਲ ਬਹੁਤ ਘਬਰਾਉਂਦਾ ਹੈ। ਸਮਝ ਨਹੀਂ ਆਉਂਦੀ ਕੀ ਹੁੰਦਾ ਹੈ।

ਪੰਚ : ਨਾਮ ਜਪਿਆ ਕਰ ਅਤੇ ਬਾਣੀ ਪੜ੍ਹਿਆ ਕਰ। ਫਿਰ ਤੇਰੇ ਲਾਗੇ ਕੋਈ ਸ਼ੈ ਨਹੀਂ ਆਏਗੀ।

ਬੀਬੀ : ਕੋਸ਼ਿਸ਼ ਕਰਦੀ ਹਾਂ, ਪਰ ਨਾਮ ਜਪਿਆ ਨਹੀਂ ਜਾਂਦਾ। ਬਾਣੀ ਭੀ ਨਹੀਂ ਪੜ੍ਹੀ ਜਾਂਦੀ।

ਪੰਚ : ਜੇ ਨਾਮ ਦ੍ਰਿੜ੍ਹ ਹੋ ਗਿਆ ਹੈ ਤਾਂ ਜ਼ਰੂਰ ਜਪਿਆ ਜਾਣਾ ਚਾਹੀਦਾ ਹੈ। ਨਾਮ ਬਾਣੀ ਦੇ ਲਾਗੇ ਤਾਂ ਜਮ ਵੀ ਨਹੀਂ ਆਉਂਦਾ, ਬਾਕੀ ਬਲਾਵਾਂ ਕੋਈ ਚੀਜ਼ ਹੀ ਨਹੀਂ। ਮਜ਼ਬੂਤ ਦਿਲ ਕਰ ਕੇ, ਤਕੜੀ ਹੋ ਕੇ ਨਾਮ ਜਪਿਆ ਕਰ।

ਬੀਬੀ : ਜੀ ਨਹੀਂ ਜਪਿਆ ਜਾਂਦਾ।

ਪੰਚ : ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੋ ਅਤੇ ਗੁਰੂ ਸਾਹਿਬ ਜੀ ਦੇ ਕਮਰੇ ਵਿਚ ਬੈਠ ਕੇ ਨਾਮ ਬਾਣੀ ਦਾ ਅਭਿਆਸ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਗੇ ਇਹ ਚੀਜ਼ਾਂ ਬਿਲਕੁਲ ਨਹੀਂ ਆਉਂਦੀਆਂ।

ਬੀਬੀ : ਸਾਡੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਜਦੋਂ ਮੈਂ ਗੁਰੂ ਜੀ ਦੇ ਕਮਰੇ ਵਿਚ ਜਾਂਦੀ ਹਾਂ ਤਾਂ ਮੇਰੀ ਘਬਰਾਹਟ ਬਹੁਤ ਹੀ ਜ਼ਿਆਦਾ ਵੱਧ ਜਾਂਦੀ ਹੈ। ਜਦ ਗੁਰੂ ਜੀ ਦਾ ਕਮਰਾ ਛੱਡ

ਦੂਰ ਚਲੀ ਜਾਂਦੀ ਹਾਂ ਤਾਂ ਘਬਰਾਹਟ ਘੱਟ ਜਾਂਦੀ ਹੈ।

ਪੰਚ : ਇਹ ਕਭੀ ਨਹੀਂ ਹੋ ਸਕਦਾ। ਅਸੀਂ ਤੇਰੀ ਗੱਲ ਹਰਗਿਜ਼ ਮੰਨਣ ਨੂੰ ਤਿਆਰ ਨਹੀਂ। ਤੂੰ ਇਸ ਗੱਲ ਨੂੰ ਪੱਥਰ ਉੱਤੇ ਲਕੀਰ ਸਮਝ ਕਿ ਗੁਰੂ ਸਾਹਿਬ ਜੀ ਦੇ ਲਾਗੇ ਇਹ ਬਲਾਵਾਂ ਨਹੀਂ ਆ ਸਕਦੀਆਂ, ਨਹੀਂ ਆ ਸਕਦੀਆਂ।

ਬੀਬੀ : ਤੁਸੀਂ ਭਾਵੇਂ ਮੰਨੋ ਭਾਵੇਂ ਨਾ ਮੰਨੋ, ਮੈਂ ਤੁਹਾਨੂੰ ਠੀਕ ਦਸ ਰਹੀ ਹਾਂ।

ਪੰਚ : ਅਸੀਂ ਤੇਰੀ ਬਾਤ ਤਾਂ ਮੰਨੀਏ ਜੇ ਅਸੀਂ ਗੁਰੂ ਸਾਹਿਬ ਜੀ ਦੀਆਂ ਬਰਕਤਾਂ ਤੋਂ ਜਾਣੂ ਨਾ ਹੋਈਏ।

ਬੀਬੀ : ਮੈਂ ਜੀ ਬਿਲਕੁਲ ਠੀਕ ਕਹਿ ਰਹੀ ਹਾਂ ਕਿ ਗੁਰੂ ਜੀ ਦੇ ਪਾਸ ਜਾਣ ਲਈ ਮੇਰੀ ਘਬਰਾਹਟ ਬਹੁਤ ਵੱਧ ਜਾਂਦੀ ਹੈ।

ਪੰਚ : ਤਾਂ ਤੇਰੇ ਘਰ ਕਿਸੇ ਡਾਢੀ ਮਨਮਤਿ ਦਾ ਪਹਿਰਾ ਹੈ। ਗੁਰੂ ਸਾਹਿਬ ਦਾ ਸਰੂਪ ਲੜੀਦਾਰ ਹੈ ਕਿ ਪਦ-ਛੇਦ?

ਬੀਬੀ : ਜੀ ਪਦ-ਛੇਦ

ਪੰਚ : ਤਾਂ ਤੂੰ ਸੱਚੀ ਹੈਂ। ਕਲਗੀਧਰ ਪਾਤਿਸ਼ਾਹ ਜੀ ਨੇ ਆਪਣੀ ਜੋਤਿ ਲੜੀਦਾਰ ਸਰੂਪ ਨੂੰ ਬਖਸ਼ ਕੇ ਗੁਰ-ਗੱਦੀ ਉੱਤੇ ਸੁਸ਼ੋਭਿਤ ਕੀਤਾ ਹੈ। ਅੱਛਾ, ਤੂੰ ਬਾਹਰ ਬੈਠ। ਤੈਨੂੰ ਅੰਮ੍ਰਿਤ ਦਾ ਚੁਲਾ ਦਿਆਂਗੇ। ਹੁਣ ਆਪਣੇ ਘਰ ਵਿਚ ਲੜੀਦਾਰ ਸਰੂਪ ਦਾ ਪ੍ਰਕਾਸ਼ ਕਰੀਂ ਜਾ ਕੇ ਤੇ ਅਗਲੇ ਸਮਾਗਮ ਤੇ ਆ ਕੇ ਦਸੀਂ ਕਿ ਕੀ ਕੁਝ ਫ਼ਰਕ ਪਿਆ ਹੈ।

ਬੀਬੀ : ਅੱਛਾ ਜੀ।

ਅਗਲੇ ਸਮਾਗਮ ਤੇ ਅੰਮ੍ਰਿਤ ਸੰਚਾਰ ਦੇ ਬਾਅਦ ਜਦ ਗੁਰ-ਦੀਖਿਅਤ-ਪ੍ਰਾਣੀਆਂ ਨੂੰ ਗੁਰਸਿੱਖੀ ਦੀ ਬਾਕੀ ਦੀ ਮਰਯਾਦਾ ਦ੍ਰਿੜ੍ਹਾਈ ਜਾ ਰਹੀ ਸੀ ਤਾਂ ਸਾਰਿਆਂ ਦੇ ਗਿਆਤ ਲਈ ਇਸ ਬੀਬੀ ਦਾ ਕਿੱਸਾ ਥੋੜ੍ਹੇ ਜਿਹੇ ਸ਼ਬਦਾਂ ਵਿਚ ਦੁਹਰਾਇਆ ਜਾ ਰਿਹਾ ਸੀ। ਤਾਂ ਇਸ ਬੀਬੀ ਨੇ (ਡੇਢ ਕੁ ਸੌ ਪ੍ਰਾਣੀਆਂ ਵਿਚ ਬੈਠੀ ਹੋਈ ਨੇ) ਝੱਟ ਉਪਰ ਨੂੰ ਬਾਂਹ ਖੜੀ ਕਰ ਕੇ, ਹਸੂੰ ਹਸੂੰ ਕਰਦੀ ਨੇ ਕਿਹਾ, "ਜੀ ਉਹ ਮੈਂ ਹੀ ਹਾਂ"। "ਹੁਣ ਤੇਰਾ ਕੀ ਹਾਲ ਹੈ?" ਪੰਚਾਂ ਨੇ ਪੁੱਛਿਆ। "ਜੀ, ਮੈਂ ਠੀਕ ਹਾਂ" ਬੀਬੀ ਦਾ ਉੱਤਰ ਸੀ। ਇਹ ਸਭ-ਸਿਖ-ਜਗਤ ਦੇ ਵਿਚਾਰਨ ਅਤੇ ਸਮਝਣ ਯੋਗ ਵਾਕਿਆ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥

੨੩. ਸੰਗਤ ਦੇ ਗਿਆਤ ਲਈ ਉਪਰ ਦਰਸਾਈ ਘਟਨਾ ਨਾਲ ਮਿਲਦੀ ਜੁਲਦੀ

ਇਕ ਹੋਰ ਘਟਨਾ ਦਾ ਵੇਰਵਾ ਦੇਣਾ ਅਢੁੱਕਵਾ ਨਹੀਂ ਹੋਵੇਗਾ। ਦੱਸ ਕੁ ਸਾਲ ਹੋਏ ਟਰਾਂਟੋ (ਕਨੈਡਾ) ਵਿਖੇ ਅੰਮ੍ਰਿਤ ਸੰਚਾਰ ਸਮਾਗਮ ਸਮੇਂ ਇਕ ਅੰਮ੍ਰਿਤਧਾਰੀ ਬੀਬੀ ਪੇਸ਼ ਹੋਈ। ਇਸ ਬੀਬੀ ਦਾ ਪ੍ਰਵਾਰ ਇੰਗਲੈਂਡ ਤੋਂ ਮੂਵ (Move) ਹੋ ਕੇ ਟਰਾਂਟੋ ਆ ਵਸਿਆ ਸੀ। ਪੇਸ਼ੀ ਸਮੇਂ ਬੀਬੀ ਅਤੇ ਪੰਚਾਂ ਵਿਚਕਾਰ ਜੋ ਵਾਰਤਾਲਾਪ ਹੋਈ ਉਹ ਇਸ ਪ੍ਰਕਾਰ ਹੈ : -

ਪੰਚ : ਗੁਰੂ ਦਰਬਾਰ ਵਿਚ ਕਿਸ ਲਈ ਹਾਜ਼ਰ ਹੋਏ ਹੋ।

ਬੀਬੀ : ਮੇਰੀ ਲੱਤ ਟੁੱਟ ਗਈ ਹੈ। ਤੁਰ ਫਿਰ ਨਹੀਂ ਹੁੰਦਾ, ਫੌੜੀਆਂ ਵਰਤਣ ਦੇ ਨਾਲ-ਨਾਲ ਹੋਰ ਕਿਸੇ ਦਾ ਵੀ ਸਹਾਰਾ ਲੈਣਾ ਪੈਂਦਾ ਹੈ। ਤਕਲੀਫ਼ ਵੀ ਬਹੁਤ ਰਹਿੰਦੀ ਹੈ। ਕਿਰਪਾ ਕਰੋ ਮੇਰੀ ਲੱਤ ਠੀਕ ਹੋ ਜਾਵੇ।

ਪੰਚ : ਬੀਬੀ ਤੇਰਾ ਨਿਤਨੇਮ ਠੀਕ ਚੱਲ ਰਹਿਆ ਹੈ।

ਬੀਬੀ : ਹਾਂ ਜੀ

ਪੰਚਾਂ ਨੇ ਬੀਬੀ ਤੋਂ ਹੋਰ ਕਈ ਤਰ੍ਹਾਂ ਦੇ ਸਵਾਲ ਪੁੱਛੇ ਅਤੇ ਬੀਬੀ ਨੇ ਪੁੱਛੇ ਗਏ ਸਵਾਲਾਂ ਦੇ ਜਵਾਬ ਸੱਚੋ-ਸੱਚ ਦਿੱਤੇ।

ਪੰਚ : ਇਕ ਅਖੰਡ ਪਾਠ ਕਰਵਾ ਅਤੇ ਵੱਧ ਤੋਂ ਵੱਧ ਪਾਠ ਸੁਣਨ ਦਾ ਉੱਦਮ ਕਰਨਾ।

ਬੀਬੀ : ਜਦ ਮੈਂ ਇੰਗਲੈਂਡ ਵਿਚ ਸੀ ਤਾਂ ਉਥੇ ਅਖੰਡ ਪਾਠ ਕਰਵਾਇਆ ਸੀ ਅਤੇ ਅਖੰਡ ਪਾਠ ਵਾਲੀ ਥਾਂ ਤੇ ਰਹਿ ਕੇ ਵੱਧ ਤੋਂ ਵੱਧ ਪਾਠ ਸੁਣਨ ਦੀ ਕੋਸ਼ਿਸ਼ ਕੀਤੀ ਸੀ।

ਪੰਚ : ਲੱਤ ਨੂੰ ਕਿੰਨਾਂ ਕੁ ਆਰਾਮ ਆਇਆ ਸੀ?

ਬੀਬੀ : ਰਤਾ ਭਰ ਭੀ ਤਕਲੀਫ ਨਹੀਂ ਘਟੀ।

ਪੰਚ : ਹੈਰਾਨ ਹੋਏ ਅਤੇ ਬੀਬੀ ਨੂੰ ਕਹਿਆ ਕਿ ਇਹ ਕਦੇ ਵੀ ਨਹੀਂ ਹੋ ਸਕਦਾ ਕਿ ਪਾਠ ਸੁਣ ਕੇ ਤਕਲੀਫ ਨਾ ਘਟੀ ਹੋਵੇ।

ਬੀਬੀ : ਮੈਂ ਬਿਲਕੁਲ ਠੀਕ ਕਹਿੰਦੀ ਹਾਂ ਕਿ ਕੋਈ ਆਰਾਮ ਨਹੀਂ ਆਇਆ।

ਪੰਚ : ਅਖੰਡ ਪਾਠ ਸਮੇਂ ਲੜੀਦਾਰ ਸਰੂਪ ਦਾ ਪ੍ਰਕਾਸ਼ ਸੀ ਜਾਂ ਪਦ-ਛੇਦ ਦਾ।

ਬੀਬੀ : ਪਦ-ਛੇਦ ਦਾ।

ਪੰਚ : ਫੇਰ ਆਰਾਮ ਕਿਦਾਂ ਆਉਂਦਾ ਜਦੋਂ ਸੱਚੇ ਪਾਤਸ਼ਾਹ ਹੀ ਉਥੇ ਹਾਜ਼ਰ ਨਹੀਂ ਸਨ। ਦਵਾਈ ਤਾਂ ਸੱਚੇ ਗੁਰੂ ਰੂਪ ਵੈਦ (ਲੜੀਦਾਰ ਸਰੂਪ) ਨੇ ਦੇਣੀ ਸੀ। ਸੱਚੇ ਵੈਦ (ਲੜੀਦਾਰ ਸਰੂਪ)

ਤੋਂ ਬਿਨਾਂ ਕੋਈ ਵੀ ਦਾਰੂ ਦੇਣ ਦੇ ਸਮਰੱਥ ਨਹੀਂ ਹੈ। ਲੜੀਦਾਰ ਸਰੂਪ ਦਾ ਪ੍ਰਕਾਸ਼ ਕਰਵਾ ਕੇ ਅਖੰਡ ਪਾਠ ਕਰਵਾ, ਸੱਚੇ ਵੈਦ ਸਭ ਕੁਝ ਠੀਕ ਕਰ ਦੇਣਗੇ।

ਬੀਬੀ : ਸਤਿ ਬਚਨ

ਇਸ ਤੋਂ ਪਿੱਛੋਂ ਛੇਤੀ ਹੀ ਬੀਬੀ ਨੇ ਲੜੀਦਾਰ ਸਰੂਪ ਦਾ ਪ੍ਰਕਾਸ਼ ਕਰਵਾ ਕੇ ਅਖੰਡ ਪਾਠ ਕਰਵਾਇਆ ਅਤੇ ਵੱਧ ਤੋਂ ਵੱਧ ਪਾਠ ਸੁਣਨ ਦਾ ਉੱਦਮ ਕੀਤਾ। ਇਸ ਉਪਰੰਤ ਕੁਝ ਹੀ ਹਫਤਿਆਂ ਵਿਚ ਬੀਬੀ ਦੀ ਲੱਤ ਠੀਕ ਹੋ ਗਈ ਅਤੇ ਫੌੜੀਆਂ ਤੋਂ ਬਿਨਾਂ ਚਲਣ-ਫਿਰਨ ਲੱਗ ਗਈ।

ਉਪਰਲੀਆਂ ਦੋਨਾਂ ਘਟਨਾਵਾਂ ਤੋਂ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਅਕਾਲੀ ਸ਼ਕਤੀਆਂ ਦੇ ਪੁੰਜ ਕੇਵਲ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਹੀ ਹਨ।

# ਇਕ ਖ਼ਤਰਨਾਕ ਅੰਦੇਸ਼ਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਪਦਛੇਦ ਕਰਨ ਨਾਲ ਕੁਝ ਐਸੀਆਂ ਸਮੱਸਿਆਵਾਂ ਉਠ ਖਲੋਤੀਆਂ ਹਨ ਜੋ ਕਿ ਆਉਣ ਵਾਲੇ ਭਵਿੱਖ ਵਿੱਚ ਬਹੁਤ ਖ਼ਤਰਨਾਕ ਰੂਪ ਅਖ਼ਤਿਆਰ ਕਰ ਲੈਣਗੀਆਂ। ਇਥੋਂ ਤੱਕ ਖ਼ਤਰਾ ਹੈ ਕਿ ਕੌਮ ਵਿੱਚ ਅਨੇਕਾਂ ਹੋਰ ਫ਼ਿਰਕੇ ਬਣ ਜਾਣਗੇ ਅਤੇ ਹਰ ਫ਼ਿਰਕੇ ਦੀ ਆਪੋ ਆਪਣੀ ਮਤਿ ਅਨੁਸਾਰ ਪਦਛੇਦ ਕੀਤੀ ਹੋਈ ਬੀੜ ਹੋਵੇਗੀ।

ਹਰ ਸੰਪ੍ਰਦਾ ਆਪੋ ਆਪਣੇ ਤਰੀਕੇ ਨਾਲ ਗੁਰਬਾਣੀ ਦਾ ਪਦਛੇਦ ਕਰਨ ਤੇ ਤੁਲੀ ਹੋਈ ਹੈ ਅਤੇ ਕਈਆਂ ਪਾਠਾਂ ਬਾਰੇ ਤਾਂ ਉਹ ਬਹੁਤ ਹੀ ਕੱਟੜ ਹਨ ਜਿਵੇਂ ਕਿ ਸ੍ਰੀ ਰਹਿਰਾਸ ਸਾਹਿਬ ਵਿੱਚ ਆਈ ਪੰਕਤੀ "ਪੰਕਜੁਮੋਹਪਗੁਨਹੀਚਾਲੈਹਮਦੇਖਾਤਹਡੂਬੀਅਲੇ॥" ਵਿਚਲੇ "ਪੰਕਜੁ" ਨੂੰ ਕਈ "ਪੰਕ ਜੁ" ਕਰਨ ਤੇ ਬਜ਼ਿਦ ਹਨ ਕਿਉਂਕਿ ਉਹਨਾਂ ਦੇ ਵੱਡੇ ਇਸੇ ਤਰ੍ਹਾਂ ਹੀ ਦੱਸ ਗਏ ਹਨ ਅਤੇ ਕੁਝ ਸੱਜਣ ਇਸ ਸ਼ਬਦ ਨੂੰ "ਪੰਕਜੁ" ਹੀ ਰਹਿਣ ਦੇਣ ਦੇ ਮੁਦੱਈ ਹਨ। ਇਹਨਾਂ ਦੋਨਾਂ ਵਿਚਾਰਾਂ ਵਾਲੇ ਗੁਰਸਿੱਖਾਂ ਵਲੋਂ ਆਪੋ ਆਪਣੇ ਤਰੀਕੇ ਨਾਲ ਗੁਟਕਾ ਸਾਹਿਬ ਵੀ ਛਪਵਾਏ ਗਏ ਹਨ ਅਤੇ ਉਹ ਸੰਗਤ ਵਿੱਚ ਉਹਨਾਂ ਵਲੋਂ ਛਪਵਾਏ ਗਏ ਗੁਟਕਾ ਸਾਹਿਬ ਤੋਂ ਹੀ ਪਾਠ ਕਰਨ ਦਾ ਪ੍ਰਚਾਰ ਕਰਦੇ ਹਨ। ਉਹਨਾਂ ਵਲੋਂ ਛਪਵਾਈਆਂ ਜਾਂਦੀਆਂ ਸੈਂਚੀਆਂ ਅਤੇ ਪਦਛੇਦ ਬੀੜਾਂ ਵੀ ਉਹਨਾਂ ਦੀ ਆਪਣੀ ਮੱਤ ਮੁਤਾਬਕ ਪਦਛੇਦ ਕੀਤੀਆਂ ਜਾਂਦੀਆਂ ਹਨ। ਬਹੁਤੇ ਗੁਰਸਿੱਖ, ਜੋ ਕਿਸੇ ਹੋਰ ਵਲੋਂ ਕੀਤੇ ਗਏ ਪਦਛੇਦ ਨਾਲ ਸਹਿਮਤ ਨਹੀਂ ਹੁੰਦੇ ਉਹ ਐਸੇ ਗੁਟਕਿਆਂ, ਪੋਥੀਆਂ, ਅਤੇ ਬੀੜਾਂ ਤੋਂ ਪਾਠ ਕਰਨ ਤੋਂ ਸੰਕੋਚ ਕਰਦੇ ਹਨ। ਉਹ ਦਿਨ ਦੂਰ ਨਹੀਂ ਜਾਪਦਾ ਜਦੋਂ ਸਿੱਖ ਆਪੋ ਆਪਣੇ ਮੱਤ (ਫ਼ਿਰਕੇ) ਵਲੋਂ ਪਦਛੇਦ ਕੀਤੀਆਂ ਬੀੜਾਂ ਨੂੰ ਹੀ ਪ੍ਰਕਾਸ਼ ਕਰਨਗੇ। ਉਸ ਦਿਨ ਆਪਣੀ ਕੌਮ ਖੇਰੂੰ ਖੇਰੂੰ ਹੋ ਕੇ ਰਹਿ ਜਾਵੇਗੀ।

ਇਸ ਉੱਪਰ ਲਿਖੀ ਸਮੱਸਿਆ ਦਾ ਇਕੋ ਇਕ ਹੱਲ ਇਹ ਹੈ ਕਿ ਸਾਰੇ ਗੁਰਦੁਆਰਿਆਂ ਵਿੱਚ **ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦਾ ਹੀ ਪ੍ਰਕਾਸ਼ ਹੋਣਾ ਚਾਹੀਦਾ ਹੈ।**

# ਗ੍ਰੰਥੀਆਂ ਦੇ ਕਿਰਦਾਰ ਦਾ ਪਤਨ

ਆਪਾਂ ਸਾਰੇ ਇਸ ਗੱਲ ਤੋਂ ਜਾਣੂ ਹੀ ਹਾਂ ਕਿ ਅੱਜ ਆਪਣੇ ਗ੍ਰੰਥੀ ਸਾਹਿਬਾਨ ਦਾ ਸਿੱਖੀ ਕਿਰਦਾਰ ਅਜਿਹਾ ਨਹੀਂ ਰਿਹਾ ਜਿਹਾ ਕਿ ਪੁਰਾਤਨ ਸਮਿਆਂ ਵਿੱਚ ਹੋਇਆ ਕਰਦਾ ਸੀ। ਸਿੱਖਾਂ ਦੇ ਸਭ ਤੋਂ ਪਹਿਲੇ ਗ੍ਰੰਥੀ ਸਾਹਿਬ ਕੋਈ ਹੋਰ ਨਹੀਂ ਬਲਕਿ ਮਹਾਨ ਗੁਰਸਿੱਖ ਅਤੇ ਬ੍ਰਹਮਗਿਆਨੀ ਬਾਬਾ ਬੁਢਾ ਜੀ ਸਨ। ਅੱਜ ਸਾਰੇ ਪੰਥ ਵਿੱਚ ਉਹਨਾਂ ਵਰਗਾ ਇਕ ਵੀ ਗ੍ਰੰਥੀ ਲਭਿਆਂ ਨਹੀਂ ਲਭ ਸਕਦਾ। ਅੱਜ ਆਪਾਂ ਦੇਖਦੇ ਹਾਂ ਕਿ ਗ੍ਰੰਥੀਆਂ ਦਾ ਕਿਰਦਾਰ ਬਹੁਤ ਹੀ ਜ਼ਿਆਦਾ ਗਿਰ ਗਿਆ ਹੈ। ਪਦਛੇਦ ਬੀੜ ਨੂੰ ਕੋਈ ਵੀ ਪੰਜਾਬੀ ਪੜਿਆ ਵਿਅਕਤੀ ਥੋੜੇ ਜਿਹੇ ਯਤਨ ਨਾਲ ਆਸਾਨੀ ਨਾਲ ਪੜ ਲੈਂਦਾ ਹੈ ਅਤੇ ਆਪਣੇ ਆਪ ਨੂੰ ਸਰਟੀਫਾਈਡ ਪਾਠੀ ਕਹਾਉਣ ਲੱਗ ਪੈਂਦਾ ਹੈ। ਪਹਿਲਿਆਂ ਸਮਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਨਣ ਵਾਸਤੇ ਕਰੜੀ ਘਾਲਣਾ ਘਾਲਣੀ ਪੈਂਦੀ ਸੀ ਅਤੇ ਕਈ ਸਾਲਾਂ ਦੇ ਅਭਿਆਸ ਤੋਂ ਬਾਅਦ ਹੀ ਕੋਈ ਪਾਠੀ ਕਹਾਉਣ ਦੇ ਲਾਇਕ ਬਣਦਾ ਸੀ। ਇਹਨਾਂ ਕਈ ਸਾਲਾਂ ਦੀ ਘਾਲਣਾ ਵਿੱਚ ਓਹੋ ਵਿਅਕਤੀ ਪੈਂਦਾ ਸੀ ਜਿਸ ਨੂੰ ਸਿੱਖੀ ਨਾਲ ਪਿਆਰ ਹੁੰਦਾ ਸੀ। ਜੋ ਕੱਚੇ ਪਿੱਲੇ ਵਿਅਕਤੀ ਸਿਰਫ ਰੋਜ਼ੀ ਰੋਟੀ ਵਾਸਤੇ ਹੀ ਪਾਠੀ ਜਾਂ ਗ੍ਰੰਥੀ ਬਨਣ ਦੀ ਕੋਸ਼ਿਸ਼ ਕਰਦੇ ਸਨ ਉਹ ਪਾਠੀ ਬਨਣ ਦੀ ਕਠਿਨ ਘਾਲਣਾ ਤੋਂ ਸੰਕੋਚ ਕਰ ਜਾਇਆ ਕਰਦੇ ਸਨ।

ਅੱਜਕਲ ਦੇਖਣ ਵਿੱਚ ਆਉਂਦਾ ਹੈ ਕਿ ਥੋੜੀ ਬਹੁਤ ਪੰਜਾਬੀ ਪੜੇ ਵਿਅਕਤੀ ਵੀ ਆਮ ਹੀ ਪਾਠੀ ਬਣੇ ਹੋਏ ਹਨ ਅਤੇ ਫਿਰ ਜਦੋਂ ਇਹ ਪਾਠੀ ਗ਼ਲਤ ਕੰਮ ਕਰਦੇ ਹਨ ਤਾਂ ਫਿਰ ਆਪਾਂ ਪਰੇਸ਼ਾਨ ਹੋ ਕੇ ਕਦੇ ਕਿਸੇ ਨੂੰ ਅਤੇ ਕਦੇ ਕਿਸੇ ਨੂੰ ਕੋਸਦੇ ਹਾਂ। ਅੱਜ ਇਹ ਸਖ਼ਤ ਲੋੜ ਹੈ ਕਿ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਲੀ ਸਰੂਪ (ਲੜੀਦਾਰ ਸਰੂਪ) ਨੂੰ ਗੁਰਦੁਆਰਿਆਂ ਵਿੱਚ ਸਥਾਪਤ ਕਰਕੇ ਕੌਮ ਵਿੱਚ ਆਈਆਂ ਤਰੁੱਟੀਆਂ ਨੂੰ ਦੂਰ ਕਰੀਏ ਅਤੇ ਕੌਮ ਨੂੰ ਅਧੋਗਤੀ ਦੀ ਹਾਲਤ ਵਿੱਚੋਂ ਕੱਢਣ ਲਈ ਯਤਨਸ਼ੀਲ ਹੋਈਏ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਗੁਰਦੁਆਰਿਆਂ ਵਿੱਚ ਸਥਾਪਤ ਹੋ ਗਏ ਤਾਂ ਆਪੇ ਹੀ ਗ੍ਰੰਥੀਆਂ ਅਤੇ ਪਾਠੀਆਂ ਦੇ ਕਿਰਦਾਰ ਵੀ ਸੁਧਰ ਜਾਣਗੇ। ਜੋ ਕੱਚੇ ਪਿੱਲੇ ਹੋਣਗੇ ਉਹ ਇਹ ਕੰਮ-ਕਾਰ ਛੱਡ ਜਾਣਗੇ ਅਤੇ ਸ਼ਰਧਾਵਾਨ ਗੁਰਸਿੱਖ ਹੀ ਰਹਿ ਜਾਣਗੇ ਜੋ ਪੰਥ ਦੀ ਵਿਗੜੀ ਹੋਈ ਹਾਲਤ ਵਿੱਚ ਸੁਧਾਰ ਲਿਆਉਣ ਲਈ ਸਹਾਇਕ ਹੋਣਗੇ।

# ਲੜੀਦਾਰ ਬੀੜ ਦੀ ਪਦਛੇਦ ਬੀੜ ਨਾਲੋਂ ਵਿਲੱਖਣਤਾ

ਅਨੇਕਾਂ ਹੀ ਅਜਿਹੇ ਨੁਕਤੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦੀ ਮਹੱਤਤਾ ਦਰਸਾਉਂਦੇ ਹਨ। ਹੇਠਾਂ ਪੇਸ਼ ਹਨ ਕੁਝ ਅਹਿਮ ਨੁਕਤੇ ਜੋ ਲੜੀਦਾਰ ਬੀੜ ਦੀ ਵਿਲੱਖਣਤਾ ਨੂੰ ਉਜਾਗਰ ਕਰਦੇ ਹਨ:

| ਅੰਕ | ਲੜੀਦਾਰ ਬੀੜ | ਪਦਛੇਦ ਬੀੜ |
|---|---|---|
| ੧ | ਲੜੀਦਾਰ ਸਰੂਪ ਆਪ ਸਤਿਗੁਰਾਂ ਵਲੋਂ ਨਿਰੂਪਣ ਕੀਤਾ ਗਿਆ ਸੀ। | ਪਦਛੇਦ ਬੀੜ ਮਨੁੱਖ ਦੀ ਕਾਢ ਹੈ ਅਤੇ ਇਸ ਨੂੰ ਗੁਰੂ ਸਾਹਿਬ ਦੀ ਅਤੇ ਸਰਬੱਤ ਖ਼ਾਲਸਾ ਪੰਥ ਵਲੋਂ ਮਾਨਤਾ ਨਹੀਂ ਹੈ। |
| ੨ | ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵਲੋਂ ਲੜੀਦਾਰ ਸਰੂਪ ਨੂੰ ਹੀ ਗੁਰਤਾ ਗੱਦੀ ਦਿੱਤੀ ਗਈ ਸੀ ਅਤੇ ਤਖ਼ਤ ਤੇ ਸੁਭਾਏਮਾਨ ਕੀਤਾ ਗਿਆ ਸੀ। | ਪਦਛੇਦ ਬੀੜ ਨੂੰ ਗੁਰੂ ਸਾਹਿਬ ਵਲੋਂ ਗੁਰਤਾ ਗੱਦੀ ਨਹੀਂ ਸੀ ਦਿੱਤੀ ਗਈ। ਸਮਝ ਨਹੀਂ ਆਉਂਦੀ ਕਿ ਕਿਸ ਦੇ ਹੁਕਮ ਨਾਲ ਪਦਛੇਦ ਬੀੜਾਂ ਦਾ ਤਖ਼ਤ ਤੇ ਪ੍ਰਕਾਸ਼ ਕੀਤਾ ਜਾਂਦਾ ਹੈ। |
| ੩ | ਪੁਰਾਤਨ ਸਭ ਹੱਥ-ਲਿਖਤ ਬੀੜਾਂ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਲੜੀਦਾਰ ਰੂਪ ਵਿੱਚ ਲਿਖੀਆਂ ਗਈਆਂ ਹਨ। | ਪਦਛੇਦ ਬੀੜਾਂ ੧੯੪੦ ਦੇ ਆਸ ਪਾਸ ਹੋਂਦ ਵਿੱਚ ਆਈਆਂ। |
| ੪ | ਲੜੀਦਾਰ ਸਰੂਪ ਪੰਥਕ ਗੁਰਮਤੇ ਦੇ ਅਨੁਸਾਰ ਹੈ ਅਤੇ ਪੰਥਕ ਗੁਰਮਤੇ ਅਨੁਸਾਰ ਪਦਛੇਦ ਬੀੜ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਗਿਆ ਸੀ। | ਪਦਛੇਦ ਬੀੜ ਪੰਥਕ ਗੁਰਮਤੇ ਦੇ ਉਲਟ ਹੋਂਦ ਵਿੱਚ ਲਿਆਂਦੀ ਗਈ ਸੀ ਅਤੇ ਇਸ ਦੀ ਛਪਾਈ ਸ਼ੁਰੂ ਕਰਨ ਤੋਂ ਪਹਿਲਾਂ ਪੰਥ ਨੂੰ ਵਿਸ਼ਵਾਸ ਵਿੱਚ ਨਹੀਂ ਸੀ ਲਿਆ ਗਿਆ। |

| ਅੰਕ | ਲੜੀਦਾਰ ਬੀੜ | ਪਦਛੇਦ ਬੀੜ |
|---|---|---|
| ੫ | ਲੜੀਦਾਰ ਸਰੂਪਾਂ ਵਿੱਚ ਇਕਸਾਰਤਾ ਹੈ ਭਾਵ ਕਿ ਸਭ ਲੜੀਦਾਰ ਸਰੂਪ ਇਕੋ ਜਿਹੇ ਹੁੰਦੇ ਹਨ। | ਪਦਛੇਦ ਬੀੜਾਂ ਵਿੱਚ ਇਕਸਾਰਤਾ ਦੀ ਅਣਹੋਂਦ ਹੈ ਅਤੇ ਵੱਖ ਵੱਖ ਪ੍ਰਕਾਸ਼ਕਾਂ ਵਲੋਂ ਵੱਖ ਵੱਖ ਪਦ-ਨਿਖੇੜ ਵਾਲੀਆਂ ਬੀੜਾਂ ਛਪਦੀਆਂ ਹਨ। ਅਲੱਗ ਅਲੱਗ ਪ੍ਰਕਾਸ਼ਕਾਂ ਵਲੋਂ ਪ੍ਰਕਾਸ਼ਤ ਹੋਈਆਂ ਕੋਈ ਵੀ ਦੋ ਪਦਛੇਦ ਬੀੜਾਂ ਆਪਸ ਵਿੱਚ ਮੇਲ ਨਹੀਂ ਖਾਂਦੀਆਂ ਕਿਉਂਕਿ ਉਹਨਾਂ ਵਿੱਚ ਪ੍ਰਸਪਰ ਸ਼ਬਦ-ਨਿਖੇੜਾਂ ਦੇ ਭੇਦ ਹੁੰਦੇ ਹਨ। |
| ੬ | ਲੜੀਦਾਰ ਸਰੂਪ ਵਿੱਚ ਪਾਠ ਨਾਲ ਸੰਬੰਧਤ ਗ਼ਲਤੀ ਦੀ ਕੋਈ ਗੁੰਜਾਇਸ਼ ਨਹੀਂ। | ਪਦਛੇਦ ਬੀੜ ਵਿੱਚ ਅਲਪੱਗ ਬੁੱਧੀ ਵਾਲਿਆਂ ਵਲੋਂ ਸ਼ਬਦਾਂ ਦਾ ਭਿੰਨ ਭਿੰਨ ਨਿਖੇੜ ਕਰਨ ਦੇ ਕਾਰਨ, ਬੇਅੰਤ ਗ਼ਲਤੀਆਂ ਹਨ। ਇਕ ਵੀ ਪਦਛੇਦ ਬੀੜ ਪਦਛੇਦ ਸੰਬੰਧੀ ਗ਼ਲਤੀਆਂ ਤੋਂ ਖਾਲੀ ਨਹੀਂ ਹੈ। |
| ੭ | ਲੜੀਦਾਰ ਬੀੜ ਤੋਂ ਪਾਠ ਸਿਖਣ ਵਾਲਾ ਗੁਰਸਿੱਖ ਸਿਆਣੇ ਗੁਰਸਿੱਖਾਂ ਦੀ ਸੰਗਤ ਭਾਲਦਾ ਹੈ ਤਾਂ ਕਿ ਉਹ ਸੰਥਿਆ ਲੈ ਕੇ ਗੁਰਬਾਣੀ ਦਾ ਸ਼ੁੱਧ ਪਾਠ ਕਰ ਸਕੇ। | ਪਦਛੇਦ ਬੀੜ ਤੋਂ ਪਾਠ ਕਰਨ ਵਾਲੇ ਨੂੰ ਗੁਰਸਿੱਖਾਂ ਦੀ ਭਾਲ ਕਰਨ ਦੀ ਲੋੜ ਨਹੀਂ ਕਿਉਂਕਿ ਸ਼ਬਦ ਨਿਖੇੜ ਤਾਂ ਪਹਿਲਾਂ ਹੀ ਹੋਏ ਹੁੰਦੇ ਹਨ ਅਤੇ ਅਜਿਹਾ ਵਿਅਕਤੀ ਆਪਣੇ ਆਪ ਨੂੰ ਸ਼ੁੱਧ ਪਾਠੀ ਸਮਝਦਾ ਹੈ ਜਿਸ ਕਰਕੇ ਉਸ ਦੀ ਹਉਮੈਂ ਹੋਰ ਵੱਧਦੀ ਹੈ। |
| ੮ | ਲੜੀਦਾਰ ਬੀੜ ਤੋਂ ਪਾਠ ਕਰਕੇ ਨਿਮ੍ਰਤਾ ਆਉਂਦੀ ਹੈ ਕਿਉਂਕਿ ਗੁਰੂ ਸਾਹਿਬ ਦੀ ਬਾਣੀ ਦੀ ਅਗੰਮਤਾ ਦਾ ਪਤਾ ਲੜੀਦਾਰ ਸਰੂਪ ਨੂੰ ਪੜਸਿਆਂ ਹੀ ਲਗਦਾ ਹੈ। | ਪਦਛੇਦ ਬੀੜ ਤੋਂ ਪਾਠ ਕਰਨ ਵਾਲੇ ਨੂੰ ਇਹ ਗੁਮਾਨ ਰਹਿੰਦਾ ਹੈ ਕਿ ਉਸ ਨੇ ਬੜਾ ਸ਼ੁੱਧ ਪਾਠ ਕੀਤਾ ਹੈ। |
| ੯ | ਲੜੀਦਾਰ ਬੀੜ ਤੋਂ ਪਾਠ ਕਰਦਿਆਂ ਮਨ ਦੀ ਇਕਾਗਰਤਾ ਵਿੱਚ ਵਾਧਾ ਹੁੰਦਾ ਹੈ। | ਪਦਛੇਦ ਬੀੜ ਤੋਂ ਪਾਠ ਕਰਦਿਆਂ ਇਕਾਗਰਤਾ ਦੀ ਕੋਈ ਖਾਸ ਲੋੜ ਨਹੀ ਹੁੰਦੀ ਅਤੇ ਮਨ ਨੂੰ ਇੱਧਰ ਉੱਧਰ ਭੱਜਣ ਦਾ ਵਿਹਲ ਅਤੇ ਮੌਕਾ ਮਿਲਦਾ ਰਹਿੰਦਾ ਹੈ। |
| ੧੦ | ਲੜੀਦਾਰ ਬੀੜ ਤੋਂ ਪਾਠ ਕਰਦਿਆਂ ਗੁਰਬਾਣੀ ਦੇ ਭਾਵਾਂ ਵਲ ਧਿਆਨ ਰਹਿੰਦਾ ਹੈ ਅਤੇ ਸੁਰਤੀ ਵਿੱਚ ਟਿਕਾਅ ਆਉਂਦਾ ਹੈ | ਪਦਛੇਦ ਬੀੜ ਤੋਂ ਪਾਠ ਕਰਦਿਆਂ ਬਾਣੀ ਦੇ ਭਾਵਾਂ ਵਿੱਚ ਧਿਆਨ ਰੱਖਣ ਦੀ ਲੋੜ ਨਹੀਂ ਰਹਿੰਦੀ ਕਿਉਂਕਿ ਪਦਛੇਦ ਤਾਂ |

| ਅੰਕ | ਲੜੀਦਾਰ ਬੀੜ | ਪਦਛੇਦ ਬੀੜ |
|---|---|---|
| | ਕਿਉਂਕਿ ਬਿਨਾ ਸਮਝੇ ਲੜੀਦਾਰ ਸਰੂਪ ਤੋਂ ਪਾਠ ਕਰਨਾ ਬਹੁਤ ਕਠਿਨ ਹੈ। | ਪਹਿਲਾਂ ਹੀ ਹੋਏ ਪਏ ਹੁੰਦੇ ਹਨ। |
| ੧੧ | ਲੜੀਦਾਰ ਬੀੜ ਤੋਂ ਪਾਠ ਕਰਨ ਲਈ ਸਿਆਣੇ (ਸੰਥਿਆ-ਪ੍ਰਾਪਤ) ਪਾਠੀਆਂ ਦੀ ਲੋੜ ਪੈਂਦੀ ਹੈ ਜਿਨਾਂ ਦੀ ਰਸਨਾ ਤੋਂ ਸ਼ੁੱਧ ਪਾਠ ਸਰਵਣ ਕਰਨ ਕਰਕੇ ਸਰੋਤਿਆਂ ਨੂੰ ਬਹੁਤ ਲਾਭ ਹੁੰਦਾ ਹੈ। | ਪਦਛੇਦ ਬੀੜ ਤੋਂ ਪਾਠ ਕਰਨ ਲਈ ਸਿਆਣੇ (ਸੰਥਿਆ-ਪ੍ਰਾਪਤ) ਪਾਠੀਆਂ ਦੀ ਲੋੜ ਨਹੀਂ ਪੈਂਦੀ ਕਿਉਂਕਿ ਕੋਈ ਵੀ ਚਾਰ ਜਮਾਤਾਂ ਪੜਕੇ ਪਦਛੇਦ ਬੀੜ ਤੋਂ ਪਾਠ ਕਰ ਸਕਦਾ ਹੈ। |
| ੧੨ | ਲੜੀਦਾਰ ਸਰੂਪ ਤੋਂ ਪਾਠ ਕਰਨ ਲਈ ਪਾਠੀਆਂ ਨੂੰ ਕਠਿਨ ਘਾਲਣਾ ਘਾਲਣੀ ਪੈਂਦੀ ਹੈ ਅਤੇ ਇਸ ਮਿਹਨਤ ਦਾ ਸਦਕਾ ਪਾਠੀ ਚੰਗੇ ਗੁਰਸਿੱਖ ਹੋ ਨਿਬੜਦੇ ਹਨ। | ਪਦਛੇਦ ਬੀੜ ਦੇ ਪਾਠੀ ਬਨਣ ਲਈ ਕੋਈ ਮਿਹਨਤ ਦੀ ਲੋੜ ਨਹੀਂ ਹੈ। ਹਰ ਕੋਈ ਥੋੜੀ ਬਹੁਤ ਪੰਜਾਬੀ ਪੜਿਆ ਵਿਅਕਤੀ ਪਦਛੇਦ ਬੀੜ ਤੋਂ ਪਾਠ ਕਰਨ ਲੱਗ ਪੈਂਦਾ ਹੈ। |
| ੧੩ | ਲੜੀਦਾਰ ਸਰੂਪ ਵਿੱਚ ਲਿਖੀ ਬਾਣੀ ਗੁਰਮੁਖੀ ਲਿੱਪੀ ਵਿੱਚ ਹੈ। ਗੁਰਮੁਖੀ ਲਿੱਪੀ ਵਿੱਚ ਲਿਖੀ ਬਾਣੀ ਹੀ ਗੁਰਬਾਣੀ ਕਹਾ ਸਕਦੀ ਹੈ। ਹੋਰ ਕਿਸੇ ਲਿੱਪੀ ਵਿੱਚ ਲਿਖੀ ਗਈ ਗੁਰਬਾਣੀ ਦੀ ਬੀੜ ਗੁਰੂ ਦਾ ਦਰਜਾ ਨਹੀਂ ਰੱਖ ਸਕਦੀ। | ਪਦਛੇਦ ਬੀੜ ਵਿੱਚ ਲਿਖੀ ਗਈ ਬਾਣੀ ਪੰਜਾਬੀ ਲਿੱਪੀ ਵਿੱਚ ਹੈ। ਜਿਵੇਂ ਅਰਬੀ ਰੋਮਨ ਜਾਂ ਦੇਵਨਾਗਰੀ ਲਿੱਪੀਆਂ ਵਿੱਚ ਲਿਖੀਆਂ ਗਈਆਂ ਗੁਰੁ ਸਾਹਿਬ ਦੀਆਂ ਬੀੜਾਂ ਗੁਰੂ ਦਾ ਦਰਜਾ ਨਹੀਂ ਰਖਦੀਆਂ ਉਸੇ ਤਰਾਂ ਪੰਜਾਬੀ ਲਿੱਪੀ ਵਿੱਚ ਲਿਖੀ ਗਈ ਬਾਣੀ, ਗੁਰਬਾਣੀ ਨਹੀਂ ਕਹਾ ਸਕਦੀ। ਪੰਜਾਬੀ ਤੇ ਗੁਰਮੁਖੀ ਦਾ ਓਹੋ ਹੀ ਫਰਕ ਹੈ ਜੋ ਹਿੰਦੀ ਅਤੇ ਸੰਸਕ੍ਰਿਤ ਵਿੱਚ ਹੈ। ਪੰਜਾਬੀ ਪਦਛੇਦ ਰੂਪ ਵਿੱਚ ਲਿਖੀ ਜਾਂਦੀ ਹੈ ਜਦੋਂ ਕਿ ਗੁਰਮੁਖੀ ਲੜੀਦਾਰ ਰੂਪ ਵਿੱਚ॥ |
| ੧੪ | 'ਲੜੀਦਾਰ ਸਰੂਪ' ਵਿੱਚ ਲੜੀਦਾਰ ਰੂਪ ਵਿੱਚ ਅੰਕਤ ਕੀਤੀ ਬਾਣੀ ਗੁਰੂ ਸਾਹਿਬਾਨ ਦੀ ਦੇਣ ਹੈ। | ਗੁਰਬਾਣੀ ਨੂੰ ਸ਼ਬਦ-ਨਿਖੇੜ ਕਰਕੇ ਪਦ-ਛੇਦ ਵਿੱਚ ਲਿਖਤੀ ਰੂਪ ਦੇਣਾ ਕਿਸੇ ਅਲਪੱਗ ਵਿਅਕਤੀ ਦੀ ਦੇਣ ਹੈ। |
| ੧੫ | ਸਰਬੱਗ ਗੁਰੂ ਸਾਹਿਬਾਨ ਵਲੋਂ ਲੜੀਦਾਰ ਸਰੂਪ ਵਿੱਚ ਅੰਕਤ ਬਾਣੀ ਨੂੰ ਰਸਨਾ ਨਾਲ ਸਪਰਸਨਾ ਹੀ ਗੁਰੂ ਦੀ ਬਾਣੀ (ਲਿਖਤ) ਦਾ ਪਾਠ ਕਰਨਾ ਕਹਾ ਸਕਦਾ ਹੈ। | ਪਦਛੇਦ ਬੀੜ ਵਿਚਲੀ ਲਿਖੀ ਲਿਖਤ (ਜੋ ਕਿ ਗੁਰੂ ਸਾਹਿਬ ਦੁਆਰਾ ਲਿਖੀ ਲਿਖਤ ਨਹੀਂ ਬਲਕਿ ਮਨੁੱਖੀ ਕਾਢ ਹੈ) ਨੂੰ ਪੜਨਾ ਕੀ ਗੁਰਬਾਣੀ ਦਾ ਪਾਠ ਕਰਨਾ ਕਹਾ ਸਕੇਗਾ? |

# ਪੰਥਕ ਜਥੇਬੰਦੀਆਂ ਅਤੇ ਪੰਥਕ ਹਸਤੀਆਂ ਦੇ ਵਿਚਾਰ

ਜਿਵੇਂ ਕਿ ਪਿੱਛੇ ਲਿਖਿਆ ਜਾ ਚੁਕਿਆ ਹੈ ਕਿ ੧੯੧੫ ਦੇ ਆਸ ਪਾਸ ਜਦੋਂ ਪੰਚ ਖਾਲਸਾ ਦੀਵਾਨ ਭਸੌੜ ਵਲੋਂ ਗੁਰਬਾਣੀ ਦੀਆਂ ਸੈਂਚੀਆਂ ਪਦਛੇਦ ਕਰਕੇ ਛਾਪਣ ਦੀ ਕੋਸ਼ਿਸ਼ ਕੀਤੀ ਗਈ ਸੀ ਤਾਂ ਪੰਥ ਵਲੋਂ ਇਸ ਬਾਰੇ ਤਿੱਖਾ ਪ੍ਰਤਿਕਰਮ ਹੋਇਆ ਸੀ ਅਤੇ ਉਹਨਾਂ ਨੂੰ ਮੂੰਹ ਦੀ ਖਾਣੀ ਪਈ ਸੀ। ਇਸੇ ਤਰਾਂ ਜਦੋਂ ੧੯੪੦ ਦੇ ਆਸ ਪਾਸ ਪਦਛੇਦ ਬੀੜਾਂ ਛਪਣੀਆਂ ਸ਼ੁਰੂ ਹੋਈਆਂ ਹੀ ਸਨ ਤਾਂ ਉਸ ਵਕਤ ਅਤੇ ਬਾਅਦ ਵਿੱਚ ਵੀ ਪੰਥਕ ਜਥੇਬੰਦੀਆਂ ਅਤੇ ਮੰਨੀਆਂ ਪ੍ਰਮੰਨੀਆਂ ਪੰਥਕ ਹਸਤੀਆਂ ਵਲੋਂ ਇਸ ਦਾ ਵਿਰੋਧ ਕੀਤਾ ਗਿਆ ਸੀ ਜਿਵੇਂ ਕਿ ਹੇਠ ਲਿਖੀਆਂ ਉਦਾਹਰਨਾਂ ਤੋਂ ਸੱਪਸ਼ਟ ਹੈ:

**੧) ਗੁਰਮਤਾ ਨੰਬਰ ੭ ਮਿਤੀ ੧-੧-੧੯੫੦**

ਧਾਰਮਿਕ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਛਾਪਣ ਜਾਂ ਪ੍ਰਕਾਸ਼ ਕਰਨ ਸੰਬੰਧੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦਾ ਗੁਰਮਤਾ ਨੰਬਰ ੧੬੩੭ ਮਿਤੀ ੨੮-੫-੪੦, ਜਿਸ ਵਿੱਚ ਧਾਰਮਿਕ ਸਲਾਹਕਾਰ ਕਮੇਟੀ ਦੀ ਰਾਏ ਪੁੱਛੀ ਗਈ ਸੀ, ਪੇਸ਼ ਹੋ ਕੇ ਪਰਵਾਨ ਹੋਇਆ ਕਿ ਜਿਤਨਾ ਚਿਰ ਪੰਥਕ ਤੌਰ ਤੇ ਇਸ ਬਾਰੇ ਕੋਈ ਫੈਸਲਾ ਨਾ ਹੋ ਜਾਵੇ, ਕਿਸੇ ਇਕ ਪੁਰਸ਼ ਨੂੰ ਜਾਂ ਸਭਾ, ਸੁਸਾਇਟੀ ਨੂੰ **ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।**

**੨) ਕਾਰਜ ਸਾਧਕ ਕਮੇਟੀ** (ਚੀਫ਼ ਖ਼ਾਲਸਾ ਦੀਵਾਨ)

ਮਤਾ ਨੰਬਰ ੨੬੮੨ ਮਿਤੀ ੨੧-੧-੧੯੪੫

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਤੋਂ ਅਖੰਡ ਪਾਠ ਸੰਬੰਧੀ ਮੁਆਮਲਾ ਸਲਾਹਕਾਰਾਂ ਦੀਆਂ ਰਾਵਾਂ ਸਮੇਤ ਪੇਸ਼ ਹੋਇਆ। ਆਗਿਆ ਹੋਈ ਕਿ ਨਾ ਹੀ ਐਸੀ ਬੀੜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਜਾਇਜ਼ ਹੈ ਤੇ ਨਾ ਹੀ ਇਸ ਤੋਂ ਅਖੰਡ ਪਾਠ ਕਰਨਾ ਜਾਇਜ਼ ਹੈ ਤੇ ਪਦ-ਛੇਦ ਕਰ ਕੇ ਸਾਰੀ ਬੀੜ ਇਕ ਜਿਲਦ ਵਿੱਚ ਛਾਪਣੀ ਨਾ-ਮੁਨਾਸਬ ਹੈ, ਤੇ **ਪੰਥ ਲਈ ਹਾਨੀਕਾਰਕ** ਹੈ। ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਫੈਸਲੇ ਦੀ ਨਕਲ ਭੇਜੀ ਜਾਵੇ ਤੇ ਆਮ ਅਖਬਾਰਾਂ ਵਿੱਚ ਵੀ ਪ੍ਰਕਾਸ਼ਿਤ ਕੀਤੀ ਜਾਵੇ।

੩) ਮਿਤੀ ੯-੧੨-੨੦੦੩ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਿਆ ਗਿਆ ਫ਼ੈਸਲਾ ਪਾਠਕਾਂ ਦੀ ਗਿਆਤ ਲਈ ਹੇਠਾਂ ਦਿੱਤਾ ਜਾਂਦਾ ਹੈ।

੧ ਓ ਵਾਹਿਗੁਰੂ ਜੀ ਕੀ ਫ਼ਤਹ ॥

ਟੈਲੀਫੋਨ— (ਫੋਨ) 0183—

**ਦਫ਼ਤਰ— ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**

(ਧਰਮ ਪ੍ਰਚਾਰ ਕਮੇਟੀ) ਤੇਜਾ ਸਿੰਘ ਸਮੁੰਦਰੀ ਹਾਲ,

ਨੰ. 40901 ਸ੍ਰੀ ਅੰਮ੍ਰਿਤਸਰ 9-12-03

ਸ੍ਰੀ ਦਰਬਾਰ ਰਸੀਦ 3 ... ਮਿਤੀ ... ਸ੍ਰੀ ਅੰਮ੍ਰਿਤਸਰ

ਸ੍ਰੀਮਾਨ ਮੈਨੇਜਰ ਸਾਹਿਬ,
ਸੈਕਸ਼ਨ-85,

ਸ੍ਰੀ ਮਾਨ ਜੀ,

ਧਰਮ ਪ੍ਰਚਾਰ ਕਮੇਟੀ ਦਾ ਇਕੱਤਰਤਾ 26 ਅੱਸੂ ਸੰਮਤ ਨਾਨਕਸ਼ਾਹੀ 535 ਮੁਤਾਬਿਕ 10-ਅਕਤੂਬਰ 2003 ਦੇ ਮਤਾ ਨੰ. 6090 [illegible] ਫੈਸਲਾ ਹੋਇਆ ਹੈ ਕਿ ਸੈਕਸ਼ਨ 85 ਦੇ ਸਮੂਹ ਗੁ: ਸਾਹਿਬਾਨ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ [illegible] ਹੀ ਪ੍ਰਕਾਸ਼ ਕਰਨ ਦਾ ਯੋਗ ਪ੍ਰਬੰਧ ਕੀਤਾ ਜਾਵੇ। ਗ੍ਰੰਥੀ ਸਿੰਘ, [illegible] ਚੂੜੀਦਾਰ ਪਜਾਮਾ ਤੇ ਕੁੜਤਾ, ਕ੍ਰਿਪਾਨ [illegible] ਕਿਨਾਰੀ, ਗਲ਼ੇ ਵਿਚ ਪਾਉਣ ਅਤੇ [illegible] ਹੀ ਮਨਾਈ ਜਾਵੇ। ਇਸ ਨੂੰ ਯਕੀਨੀ ਬਣਾਇਆ [illegible]

ਸ਼ੁਭਚਿੰਤਕ,

ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

---

ਦਫਤਰ:- ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ।।

ਨੰਬਰ: 7487 ਮਿਤੀ: 13-12-03

ਉਪਰੋਕਤ ਉਤਾਰਾ:- 1- ਸ੍ਰੀ ਮਾਨ ਹੈਡ ਗ੍ਰੰਥੀ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਜੀ ਪਾਸ ਗਿਆਤ ਹਿੱਤ।
2- ਹੈਡ ਗ੍ਰੰਥੀ ਜੀ, ਸ੍ਰੀ ਅਕਾਲ ਤਖਤ ਸਾਹਿਬ ਜੀ 3- ਮੀਤ ਮੈਨੇਜਰ ਜੀ ਗੁਰਦੁਆਰਾ
4- ਜਥੇਦਾਰ ਜੀ, ਸ੍ਰੀ ਹਰਿਮੰਦਰ ਸਾਹਿਬ ਜੀ 5- ਜਥੇਦਾਰ ਜੀ ਰਾਗੀਆਂ 6- ਇੰ:ਜੀ, ਅਖੰਡਪਾਠੀਆਂ
7- ਸੁਪਰ:ਜੀ ਗੁ:ਸ਼ਹੀਦ ਗੰਜ ਸਾਹਿਬ ,8- ਇੰਚਾਰਜ ਜੀ ਬਾਹਰਲੇ ਗੁਰਦੁਆਰੇ ਸਬੰਧਤ ਗੁ:ਸਾਹਿਬਾਨ ਦੇ ਗ੍ਰੰਥੀ ਸਿੰਘਾਂ ਅਤੇ ਸੇਵਾਦਾਰਾਂ ਪਾਸੋਂ ਨੋਟ ਕਰਾਉਣ ਹਿੱਤ।। -

ਐਡੀ:ਮੈਨੇਜਰ,
ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

੪) ੩੦ ਨਵੰਬਰ, ੨੦੦੪ ਵਿੱਚ **ਗੁਰਮਤਿ ਵਿਦਿਆ ਕੇਂਦਰ ਟਰਾਂਟੋ (ਗੁਰਦੁਆਰਾ ਤਪੋਬਨ ਸਾਹਿਬ)** ਨਾਲ ਸੰਬੰਧਤ ਗੁਰਸਿੱਖਾਂ ਵਲੋਂ **ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ** ਨਾਲ ਇਕ ਮੁਲਾਕਾਤ ਵਿੱਚ, ਹੋਰ ਪੰਥਕ ਵਿਸ਼ਿਆਂ ਤੋਂ ਇਲਾਵਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਮੁੜ ਗੁਰਦੁਆਰਿਆਂ ਵਿੱਚ ਸਥਾਪਤ ਕਰਨ ਬਾਰੇ ਵਿਚਾਰ ਕੀਤੀ ਗਈ ਸੀ। ਸਿੰਘ ਸਾਹਿਬ ਨੇ ਵਫ਼ਦ ਨਾਲ ਪੂਰੀ ਸਹਿਮਤੀ ਪ੍ਰਗਟਾਈ ਅਤੇ ਇਸ ਪਾਸੇ ਵਲ ਪੂਰਾ ਧਿਆਨ ਦੇਣ ਦਾ ਯਕੀਨ ਦਿਵਾਇਆ ਸੀ।

੫) ਜਦ ਤੋਂ **ਭਾਈ ਸਾਹਿਬ ਹਰਭਜਨ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ** ਦੇ ਮੈਨੇਜਰ ਨਿਯੁਕਤ ਹੋਏ ਹਨ, ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਸਥਿਤ ਤਕਰੀਬਨ ਸਾਰਿਆਂ ਕਮਰਿਆਂ ਵਿੱਚ ਮੁੜ ਲੜੀਦਾਰ ਸਰੂਪ ਦਾ ਪ੍ਰਕਾਸ਼ ਹੋਣਾ ਸ਼ੁਰੂ ਹੋ ਗਿਆ ਹੈ।

੬) ਇਸ ਟਰੈਕਟ ਦੇ ਪ੍ਰਕਾਸ਼ਕ **ਗੁਰਮਤਿ ਵਿਦਿਆ ਕੇਂਦਰ** ਵਿਖੇ ਅਸਥਾਪਤ **ਗੁਰਦੁਆਰਾ ਤਪੋਬਨ ਸਾਹਿਬ, ਬਰੈਂਪਟਨ (ਟਰਾਂਟੋ), ਕਨੈਡਾ** ਵਿਖੇ ਲੜੀਦਾਰ ਸਰੂਪ ਦਾ ਹੀ ਪ੍ਰਕਾਸ਼ ਹੁੰਦਾ ਹੈ। ਗੁਰਬਾਣੀ ਪਾਠ ਸਿੱਖਣ ਲਈ ਇਥੇ ਲੜੀਦਾਰ ਸੈਂਚੀਆਂ ਤੋਂ ਸੰਥਿਆ ਦੇਣ ਦਾ ਵਧੀਆ ਪ੍ਰਬੰਧ ਹੈ। ਪੰਜਾਬ ਵਿਖੇ ਪੰਥ ਦੀਆਂ ਮੁਖ ਜਥੇਬੰਦੀਆਂ ਜਿਵੇਂ ਕਿ **ਦਮਦਮੀ ਟਕਸਾਲ** ਅਤੇ **ਅਖੰਡ ਕੀਰਤਨੀ ਜਥਾ** ਲੜੀਦਾਰ ਸਰੂਪ ਦੀਆਂ ਹੀ ਮੁਦੱਈ ਹਨ। ਦਮਦਮੀ ਟਕਸਾਲ ਵਿਖੇ ਅਜੇ ਵੀ ਗੁਰਬਾਣੀ ਦੀ ਸੰਥਿਆ ਲੜੀਦਾਰ ਪੋਥੀਆਂ ਤੋਂ ਹੀ ਦਿੱਤੀ ਜਾਂਦੀ ਹੈ। ਇਸੇ ਤਰਾਂ ਹੀ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਸਮਾਗਮ ਜਿਵੇਂ ਕਿ ਕੀਰਤਨ ਸਮਾਗਮ, ਅਖੰਡ ਪਾਠ ਸਾਹਿਬ ਅਤੇ ਅੰਮ੍ਰਿਤ ਸਿੰਚਾਰ ਸਮਾਗਮ, ਹਮੇਸ਼ਾ ਲੜੀਦਾਰ ਸਰੂਪ ਦੀ ਹਜ਼ੂਰੀ (ਤਾਬਿਆ) ਵਿੱਚ ਹੀ ਕੀਤੇ ਜਾਂਦੇ ਹਨ। ਹੁਣ ਦੇਖਣ ਵਿੱਚ ਆ ਰਿਹਾ ਹੈ ਕਿ ਇਹਨਾਂ ਜਥੇਬੰਦੀਆਂ ਵਿੱਚ ਵੀ ਥੋੜੀ ਥੋੜੀ ਢਿੱਲਿਆਈ ਆਉਣੀ ਸ਼ੁਰੂ ਹੋ ਗਈ ਹੈ। ਗੁਰੂ ਸਾਹਿਬ ਕਿਰਪਾ ਕਰਨ ਅਤੇ ਇਹਨਾਂ ਪੰਥਕ ਜਥੇਬੰਦੀਆਂ ਨੂੰ ਗੁਰਮਤਿ ਅਨੁਸਾਰ ਸੱਚੇ ਗੁਰੂ ਨਾਲ ਜੁੜੇ ਰਹਿਣ ਦੀ ਤੌਫ਼ੀਕ (ਸੁਮੱਤ) ਬਖ਼ਸ਼ਣ।

੭) **ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ** ਵਲੋਂ ਆਪਣੀ ਪੁਸਤਕ "ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖੱਣਤਾ" ਵਿੱਚ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਪਦਛੇਦ ਕਰਕੇ ਛਾਪਣਾ ਮਹਾਂ-ਮਨਮਤਿ ਹੈ। ਇਸੇ ਤਰਾਂ ਹੀ **ਸੰਤ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ** ਦੀ ਇਕ ਰਿਕਾਰਡ ਕੀਤੀ ਹੋਈ ਕਥਾ ਵਿੱਚ ਉਹਨਾਂ ਵਲੋਂ ਸਾਫ ਸ਼ਬਦਾਂ ਵਿੱਚ ਕਿਹਾ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਪਦਛੇਦ ਕਰਕੇ ਛਾਪਣਾ ਮਨਮਤਿ ਹੈ। ਉਹਨਾਂ ਦਾ ਕਹਿਣਾ ਹੈ, "ਪਦਛੇਦ ਕਰਨਾ ਅਤਿਅੰਤ ਮਨਾ ਹੈ......ਪਦਛੇਦ ਕਰਨਾ ਬਿਲਕੁਲ ਇਕ ਮਨਮਤਿ ਹੈ, ਇਹ ਨਹੀਂ ਕਰਨੀ ਚਾਹੀਦੀ; ਅੱਖਰ ਜੁੜਵੇ ਰਹਿਣ ਦੇਣੇ ਚਾਹੀਦੇ ਨੇ"। **ਸੰਤ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਪਦਛੇਦ ਕਰਨ ਦੇ ਮੁਖ਼ਾਲਿਫ (ਉਲਟ) ਸਨ ਅਤੇ

ਉਹਨਾਂ ਨੇ ਇਸ ਦੇ ਖਿਲਾਫ ਜ਼ੋਰਦਾਰ ਅਵਾਜ਼ ਉਠਾਈ ਸੀ। **ਸੰਤ ਜਵਾਲਾ ਸਿੰਘ ਜੀ ਹਰਖੋਵਾਲ** ਵਾਲੇ ਪਦਛੇਦ ਬੀੜ ਦੇ ਸਖਤ ਉਲਟ ਸਨ ਅਤੇ ਉਹ ਤਾਂ ਇਸ ਦੁੱਖ ਵਿੱਚ ਆਪਣਾਂ ਸਰੀਰ ਤੱਕ ਕੁਰਬਾਨ ਕਰਨ ਨੂੰ ਤਿਆਰ ਸਨ। **ਸੰਤ ਈਸ਼ਰ ਸਿੰਘ ਜੀ ਰਾੜੇਵਾਲੇ** ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਦਛੇਦ ਕਰਨ ਦੇ ਹੱਕ ਵਿੱਚ ਨਹੀਂ ਸਨ। ਪੰਥ ਦੇ ਧੁਰੰਧਰ ਵਿਦਵਾਨ **ਪੰਡਿਤ ਕਰਤਾਰ ਸਿੰਘ ਜੀ ਦਾਖਾ** ਗੁਰਬਾਣੀ ਨੂੰ ਪਦਛੇਦ ਕਰਨ ਦੇ ਸਖ਼ਤ ਉਲਟ ਸਨ। **ਅਖੰਡ ਕੀਰਤਨੀ ਜੱਥੇ ਦੇ ਸਾਬਕਾ ਜੱਥੇਦਾਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ** ਨੇ ਉਹਨਾਂ ਵਲੋਂ ਲਿਖੇ ਕਿਤਾਬਚੇ 'ਲੜੀਦਾਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਸਿੱਧ ਕਰ ਦਿਖਾਇਆ ਹੈ ਕਿ ਖਾਲਸੇ ਦੇ ਗੁਰੂ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਹੀ ਹਨ, ਇਸ ਦੀ ਪਦ-ਛੇਦਤਾ ਕਰਨੀ ਮੁਨਾਫ਼ਾ-ਖ਼ੋਰ ਵਾਪਾਰੀਆਂ ਦੇ ਮਨ ਦੀ ਕੋਝੀ ਕਾਢ ਹੈ। ਲੌਰੈਂਸ਼ਿਅਨ ਯੂਨੀਵਰਸਿਟੀ (Laurentian University), ਸਡਬਰੀ ਕਨੈਡਾ ਤੋਂ ਰਿਟਾਇਰਡ ਪ੍ਰੋਫੈਸਰ ਅਤੇ ਹੁਣ ਬੋਲਟਨ (ਟਰਾਂਟੋ) ਕਨੈਡਾ ਦੇ ਵਾਸੀ, ਪੰਥ ਦੋਖੀਆਂ ਅਤੇ ਗੁਰੂ-ਨਿੰਦਕਾਂ ਨੂੰ ਲੰਮੇ ਹੱਥੀਂ ਲੈਣ ਵਾਲੇ, **ਪ੍ਰੋਫੈਸਰ ਉਦੇ ਸਿੰਘ ਜੀ** ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦੇ ਪੱਕੇ ਹਾਮੀ ਹਨ। ਆਪ ਜੀ ਨੇ ਆਪਣੀਆਂ ਕਈ ਲਿਖਤਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦੇ ਹੀ ਪ੍ਰਕਾਸ਼ ਕਰਨ ਦੀ ਪ੍ਰੋੜਤਾ ਕੀਤੀ ਹੈ ਅਤੇ ਆਪਣੇ ਗ੍ਰਿਹ ਵਿਖੇ ਤਕਰੀਬਨ ੪੦ ਸਾਲਾਂ ਤੋਂ ਲੜੀਦਾਰ ਸਰੂਪ ਦਾ ਹੀ ਪ੍ਰਕਾਸ਼ ਕਰਦੇ ਆ ਰਹੇ ਹਨ। ਆਪ ਜੀ ਇਕ ਪੰਜਾਬੀ ਪੜਾਉਣ ਦਾ ਸਕੂਲ ਚਲਾ ਰਹੇ ਹਨ ਅਤੇ ਇਥੇ ਪਾਠ ਦੀ ਸਿਖਲਾਈ ਲਈ ਲੜੀਦਾਰ ਸੈਂਚੀਆਂ ਤੋਂ ਗੁਰਬਾਣੀ ਦੀ ਸੰਥਿਆ ਦਿੱਤੀ ਜਾਂਦੀ ਹੈ। ਗ੍ਰਿਹ ਵਿਖੇ ਜਾਂ ਸਕੂਲ ਵਿਖੇ ਕੋਈ ਵੀ ਸਮਾਗਮ, ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦੀ ਹਜ਼ੂਰੀ ਵਿਚ ਹੀ ਕਰਦੇ ਹਨ। **ਭਾਈ ਮਦਨ ਸਿੰਘ ਜੀ** ਵਾਸੀ ਬਰਮਿੰਘਮ, ਇੰਗਲੈਂਡ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦੇ ਹੀ ਮੁਦਈ ਹਨ ਅਤੇ ਹੋਰਨਾਂ ਨੂੰ ਵੀ ਇਸੇ ਦੇ ਲੜ ਲੱਗਣ ਲਈ ਪ੍ਰੇਰਦੇ ਹਨ। ਗੁਰਮਤਿ ਕਾਲਜ ਪਟਿਆਲਾ ਦੇ ਸਾਬਕਾ ਪ੍ਰਿੰਸੀਪਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਹਿ ਚੁੱਕੇ ਰੀਸਰਚ ਸਕਾਲਰ (Research Scholar) **ਪ੍ਰਿੰਸੀਪਲ ਗੁਰਮੁਖ ਸਿੰਘ ਜੀ** ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦੇ ਕਾਇਲ ਹਨ ਅਤੇ ਆਪਣੇ ਗ੍ਰਿਹ ਵਿਖੇ ਲੜੀਦਾਰ ਸਰੂਪ ਦਾ ਹੀ ਪ੍ਰਕਾਸ਼ ਕਰਦੇ ਹਨ। **ਸੰਤ ਸੋਹਣ ਸਿੰਘ ਜੀ ਮਲਾਕਾ, ਮਲੇਸ਼ੀਆ** ਵਾਲੇ ਵੀ ਲੜੀਦਾਰ ਸਰੂਪ ਦੀ ਪ੍ਰੋੜਤਾ ਕਰਦੇ ਹੁੰਦੇ ਸਨ। ੧੯੭੨ (ਚੜ੍ਹਾਈ ਕਰਨ ਦੇ ਸਮੇਂ) ਤੱਕ ਉਹ ਸਹਿਜ ਪਾਠ ਜਾਂ ਅਖੰਡ ਪਾਠ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਤੋਂ ਹੀ ਕਰਦੇ ਅਤੇ ਕਰਾਉਂਦੇ ਹੁੰਦੇ ਸਨ। **ਬਾਬਾ ਜੋਗਿੰਦਰ ਜੀ ਤੀਰ ਵਾਲੇ**, ਜਿਨ੍ਹਾਂ ਦਾ ਸਨੇਹ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ ਅਤੇ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੇ ਨਾਲ ਬਹੁਤ ਸੀ, ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦੇ ਪੂਰੇ ਉਪਾਸ਼ਕ ਸਨ। ਨਵੰਬਰ ੧੯੯੬ ਵਿਚ, ਗੁਰਦੁਆਰਾ ਸਾਹਿਬ ਮਾਲਟਨ (ਟਰਾਂਟੋ) ਕਨੈਡਾ ਵਿਖੇ ਸੰਤ ਜਵਾਲਾ ਸਿੰਘ ਜੀ ਹਰਖੋਵਾਲ

ਵਾਲਿਆਂ ਦੀ ਬਰਸੀ ਦੇ ਸਮਾਗਮ ਤੇ ਲੈਕਚਰ ਕਰਦਿਆਂ ਉਨ੍ਹਾਂ ਨੇ ਇਹ ਪ੍ਰੋੜਤਾ ਕੀਤੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦਾ ਪ੍ਰਕਾਸ਼ ਹੋਣਾ ਹੀ ਠੀਕ ਹੈ। ਉਨ੍ਹਾਂ ਨੇ ਇਹ ਵੀ ਕਹਿਆ ਸੀ ਕਿ ਗੁਰਦੁਆਰਿਆਂ ਵਿਚ ਪਦ-ਛੇਦ ਬੀੜ ਦਾ ਪ੍ਰਕਾਸ਼ ਕਰਨ ਕਰਕੇ ਹੀ ਪੰਥ ਵਿਚ ਢਿਲਿਆਈਆਂ ਆਈਆਂ ਹਨ। ਉਹ ਕਹਿੰਦੇ ਹੁੰਦੇ ਸਨ, ਕਿ ਉਨ੍ਹਾਂ ਦੇ ਪਾਸ ਹਰ ਵੇਲੇ ਲੜੀਦਾਰ ਸੈਂਚੀਆਂ ਹੁੰਦੀਆਂ ਹਨ ਅਤੇ ਉਹ ਕੇਵਲ ਇਨ੍ਹਾਂ ਤੋਂ ਹੀ ਪਾਠ ਕਰਦੇ ਹਨ। ਉਨ੍ਹਾਂ ਦਾ ਪੱਕਾ ਵਿਸ਼ਵਾਸ਼ ਸੀ ਕਿ ਖ਼ਾਲਸਾ ਰਾਜ ਲਿਆਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੇ ਹੀ ਪੰਥ ਦੀ ਅਗਵਾਈ ਕਰਨੀ ਹੈ। **"ਪੰਥ ਦੀ ਚੜ੍ਹਦੀ ਕਲਾ ਲਈ ਤੱਤ ਗੁਰਮਤਿ ਖੋਜ ਅਤੇ ਵਿਚਾਰ"** ਨਾਮੀ ਟਰੈਕਟ ਦੇ ਲੇਖਕ ਅਤੇ **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਸਕੱਤਰ ਭਾਈ ਹਰਮਹਿੰਦਰ ਸਿੰਘ ਜੀ** ਵੀ ਲੜੀਦਾਰ ਸਰੂਪ ਦੇ ਹਾਮੀ ਹਨ। ਆਪਣੇ ਟਰੈਕਟ ਵਿਚ ਉਹਨਾਂ ਲਿਖਿਆ ਹੈ ਕਿ ਪੰਥ ਦੀ ਚੜ੍ਹਦੀ ਕਲਾ ਵਾਸਤੇ ਲੜੀਦਾਰ ਸਰੂਪ ਦਾ ਹੀ ਪ੍ਰਕਾਸ਼ ਕਰਨਾ ਅਤੀ ਲੋੜੀਂਦਾ ਹੈ। **ਗਿਆਨੀ ਹਰਬੰਸ ਸਿੰਘ ਜੀ ਨਿਰਣੈਕਾਰ** ਜਿਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਲਿਖਣ ਦੀ ਸੇਵਾ ਕੀਤੀ ਹੈ, ਨੇ ਵੀ ਬੜੇ ਸੱਪਸ਼ਟ ਸ਼ਬਦਾਂ ਵਿੱਚ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਪਦਛੇਦ ਕਰਕੇ ਛਾਪਣਾ ਠੀਕ ਨਹੀਂ ਹੈ।

ਸਾਰੇ ਤਖ਼ਤਾਂ ਦੇ ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ, ਅਤੇ ਸਮੂਹ ਸਿਖ ਜਥੇਬੰਦੀਆਂ, ਜਿਨਾਂ ਦੇ ਮੋਢਿਆਂ ਉਤੇ ਪੰਥ ਨੂੰ ਧਾਰਮਿਕ ਅਗਵਾਈ ਦੇਣ ਦੀ ਜ਼ਿਮੇਵਾਰੀ ਹੈ, ਨੂੰ ਸਾਡੀ ਸਨਿਮਰ ਬੇਨਤੀ ਹੈ ਕਿ ਇਸ ਪਾਸੇ ਵਲ ਉਚੇਚਾ ਧਿਆਨ ਦੇ ਕੇ ਸਭ ਗੁਰਦੁਆਰਿਆਂ ਵਿੱਚ ਲੜੀਦਾਰ ਸਰੂਪ ਹੀ ਪ੍ਰਕਾਸ਼ ਕਰਾਉਣ ਲਈ ਯੋਗ ਉਪਰਾਲੇ ਕਰਨ ਦੀ ਕ੍ਰਿਪਾਲਤਾ ਕਰਨ ਜੀ।

# ਗੁਰਸਿੱਖ ਹੋਣ ਦੇ ਨਾਤੇ ਸਾਡਾ ਫਰਜ਼

ਅੱਜ ਪਦਛੇਦ ਬੀੜਾਂ ਦੀ ਇੰਨੀ ਬਹੁਤਾਤ ਹੋ ਗਈ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਇੰਨੇ ਦੁਰਲੱਭ ਹੋ ਗਏ ਹਨ ਕਿ ਇਹ ਸਮਝ ਨਹੀਂ ਆ ਰਹੀ ਕਿ ਇਸ ਐਡੀ ਵੱਡੀ ਸਮੱਸਿਆ ਦਾ ਹੱਲ ਕਿਸ ਤਰ੍ਹਾਂ ਕੀਤਾ ਜਾਵੇ। ਇਹ ਮੰਨਣਾ ਪਵੇਗਾ ਕਿ ਅੱਜ ਇਹ ਸਮੱਸਿਆ ਬਹੁਤ ਗੁੰਝਲਦਾਰ ਬਣ ਗਈ ਹੈ ਪਰ ਇਸ ਸਮੱਸਿਆਂ ਅੱਗੇ ਝੁਕਨਾ ਨਹੀਂ ਚਾਹੀਦਾ ਅਤੇ ਦਿਲ ਨਹੀਂ ਛਡਨਾ ਚਾਹੀਦਾ। ਆਪਣਾ ਫ਼ਰਜ਼ ਹੈ ਗੁਰੂ ਸਾਹਿਬ ਦੇ ਸਤਿਕਾਰ ਨੂੰ ਮੁੱਖ ਰੱਖਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਸਥਾਪਤ ਕਰਨ ਲਈ ਯਤਨਸ਼ੀਲ ਹੋਣਾ ਅਤੇ ਇਸ ਯਤਨ ਨੂੰ ਭਾਗ ਲਾਉਣਾ ਸਤਿਗੁਰਾਂ ਦਾ ਕੰਮ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇਕਰ ਸੁਹਿਰਦ ਹਿਰਦੇ ਨਾਲ, ਖ਼ਾਲਸਾ ਇਸ ਕਾਰਜ ਨੂੰ ਹੱਥ ਪਾ ਲਵੇ ਤਾਂ ਗੁਰੂ ਸਾਹਿਬ ਅਵੱਸ਼ ਹੀ ਫ਼ਤਿਹ ਬਖ਼ਸ਼ਣਗੇ।

ਜੇਕਰ ਗੁਰੂ ਸਾਹਿਬ ਦਾ ਭੈ ਰੱਖਣ ਵਾਲੇ ਗੁਰਸਿੱਖ ਆਪਣੇ ਆਪਣੇ ਨਿਜੀ ਤੌਰ ਤੇ ਯਤਨ ਕਰਨਾ ਸ਼ੁਰੂ ਕਰ ਦੇਣ ਤਾਂ ਕੁਝ ਹੀ ਸਮੇਂ ਵਿੱਚ ਇਸ ਮਸਲੇ ਵਿੱਚ ਫ਼ਤਿਹ ਹਾਸਲ ਹੋ ਸਕਦੀ ਹੈ। ਸਭ ਗੁਰਸਿੱਖਾਂ ਨੂੰ ਇਹ ਗੱਲ ਭਲੀ ਭਾਂਤ ਜਾਣ ਲੈਣੀ ਚਾਹੀਦੀ ਹੈ ਕਿ ਪਦਛੇਦ ਬੀੜ ਤੋਂ ਪਾਠ ਕਰਨ ਨਾਲ, ਪਦਛੇਦ ਬੀੜ ਤੋਂ ਅਖੰਡ ਪਾਠ ਕਰਨ ਨਾਲ, ਪਦਛੇਦ ਬੀੜ ਦੀ ਹਜ਼ੂਰੀ ਵਿੱਚ ਕੀਰਤਨ ਸਮਾਗਮ ਕਰਨ ਨਾਲ, ਪਦਛੇਦ ਬੀੜ ਦੀ ਹਜ਼ੂਰੀ ਵਿੱਚ ਅਨੰਦ ਕਾਰਜ ਕਰਨ ਨਾਲ ਅਤੇ ਪਦਛੇਦ ਬੀੜ ਦੀ ਹਜ਼ੂਰੀ ਵਿੱਚ ਹੋਰ ਗੁਰਮਤਿ ਦੇ ਸੰਸਕਾਰ ਕਰਨ ਨਾਲ ਆਪਾਂ ਪਦਛੇਦ ਬੀੜ ਦੀ ਪ੍ਰੋੜਤਾ ਕਰਦੇ ਹਾਂ ਅਤੇ ਇਕ ਤਰ੍ਹਾਂ ਨਾਲ ਪਦਛੇਦ ਬੀੜਾਂ ਨੂੰ ਛਾਪਣ ਵਾਲੇ ਵਾਪਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦੇ ਹਾਂ। ਇਸ ਤਰ੍ਹਾਂ ਕਰਨ ਨਾਲ ਆਪਾਂ ਸਾਕਸ਼ੀ ਬਣਦੇ ਹਾਂ ਅਤੇ ਸ਼ਹਾਦਤ ਦਿੰਦੇ ਹਾਂ ਕਿ ਉਥੇ ਜੋ ਕੁਝ ਹੋ ਰਿਹਾ ਹੈ ਉਹ ਸਭ ਠੀਕ ਹੋ ਰਿਹਾ ਹੈ ਭਾਵ ਕਿ ਲੜੀਦਾਰ ਸਰੂਪ ਨੂੰ ਤਿਆਗ ਕੇ ਪਦਛੇਦ ਬੀੜ ਦਾ ਪ੍ਰਕਾਸ਼ ਕਰਨ ਦੀ ਆਪਾਂ ਹਿਮਾਇਤ ਕਰਦੇ ਹਾਂ। ਦੂਜੇ ਸ਼ਬਦਾਂ ਵਿੱਚ ਇਹ ਕਹਿ ਲਈਏ ਕਿ ਅਸੀਂ ਆਪ ਹੀ ਸੱਚੇ ਗੁਰੂ (ਲੜੀਦਾਰ ਸਰੂਪ) ਨੂੰ ਤਿਆਗ ਕੇ ਪਦਛੇਦ ਬੀੜ ਦੇ ਉਪਾਸ਼ਕ ਬਣ ਰਹੇ ਹਾਂ। ਪਦਛੇਦ ਬੀੜ ਪ੍ਰਕਾਸ਼ਤ ਸਮਾਗਮਾਂ ਵਿੱਚ ਆਪਣੀ ਸ਼ਮੂਲੀਅਤ, ਗੁਰੂ ਸਾਹਿਬ (ਲੜੀਦਾਰ ਸਰੂਪ) ਦੀ ਬੇਅਦਬੀ ਦੀ ਮੂਕ ਹਿਮਾਇਤ ਹੈ ਅਤੇ ਫਿਰ ਇਸ ਤੋਂ ਨਿਕਲਣ ਵਾਲੇ ਮਾੜੇ

ਨਤੀਜਿਆਂ ਦੇ ਆਪਾਂ ਵੀ ਭਾਗੀਦਾਰ ਅਤੇ ਜ਼ਿੰਮੇਵਾਰ ਹੋਣ ਤੋਂ ਬਚ ਨਹੀਂ ਸਕਾਂਗੇ।

ਜੇਕਰ ਸਾਰੇ ਗੁਰਸਿੱਖ ਪਦਛੇਦ ਬੀੜ ਦੀ ਹਜ਼ੂਰੀ ਵਿੱਚ ਗੁਰਮਤਿ ਸੰਸਕਾਰ ਕਰਨ ਤੋਂ ਨਾਂਹ ਕਰ ਦੇਣ ਅਤੇ ਇਹ ਸਾਰੇ ਗੁਰਮਤਿ ਸੰਸਕਾਰ ਲੜੀਦਾਰ ਸਰੂਪ ਦੀ ਪ੍ਰਧਾਨਗੀ ਵਿੱਚ ਹੋਣ ਤਾਂ ਆਪੇ ਹੀ ਵਾਪਾਰੀਆਂ ਨੂੰ ਪਦਛੇਦ ਬੀੜਾਂ ਦੀ ਛਪਾਈ ਬੰਦ ਕਰਨੀ ਪਵੇਗੀ ਅਤੇ ਲੜੀਦਾਰ ਸਰੂਪ ਛਾਪਣੇ ਪੈਣਗੇ। ਇਕ ਵਾਰੀ ਤਾਂ ਹੰਭਲਾ ਮਾਰਨਾ ਹੀ ਪੈਣਾ ਹੈ; ਜਿੰਨੀ ਛੇਤੀ ਹੋ ਸਕੇ ਉਨਾ ਹੀ ਚੰਗਾ ਹੈ। ਪੰਥ ਹਿਤੈਸ਼ੀਆਂ ਨੂੰ ਆਪਣਾ ਫਰਜ਼ ਪਛਾਣਦੇ ਹੋਏ ਲੜੀਦਾਰ ਸਰੂਪ ਦਾ ਮੁੜ ਗੁਰਦੁਆਰਿਆਂ ਵਿੱਚ ਪ੍ਰਕਾਸ਼ ਕਰਾਉਣ ਲਈ ਛੇਤੀ ਤੋਂ ਛੇਤੀ ਜੁੱਟ ਜਾਣਾ ਚਾਹੀਦਾ ਹੈ। ਜੇਕਰ ਸਭ ਪੰਥ-ਦਰਦੀ ਸਹਿਯੋਗ ਦੇਣ ਤਾਂ ਇਹ ਮਸਲਾ ਥੋੜੇ ਸਮੇਂ ਵਿੱਚ ਹੀ ਹੱਲ ਹੋ ਸਕਦਾ ਹੈ।

ਪਾਠਕ ਜਨ ਜੀਓ, ਇਹ ਮੱਤ ਸੋਚੋ ਕਿ ਤੁਸੀਂ ਇਕੱਲੇ ਕੁਝ ਵੀ ਕਰਨ ਦੇ ਯੋਗ ਨਹੀਂ ਹੋ। ਇਹ ਮੱਤ ਭੁੱਲੋ ਕਿ ਜੇਕਰ ਆਪ ਜੀ ਸਾਰੇ ਗੁਰਮਤਿ ਸੰਸਕਾਰ ਲੜੀਦਾਰ ਸਰੂਪ ਦੀ ਹਜ਼ੂਰੀ ਵਿੱਚ ਕਰਨੇ ਆਰੰਭ ਕਰ ਦੇਵੋ ਤਾਂ ਆਪ ਜੀ ਤੋਂ ਸੇਧ ਲੈ ਕੇ ਹੋਰ ਬੇਅੰਤ ਗੁਰਸਿੱਖ ਆਪ ਜੀ ਵਾਂਗ ਹੀ ਲੜੀਦਾਰ ਸਰੂਪ ਦੀ ਪ੍ਰੋੜਤਾ ਕਰਕੇ, ਆਪਣਾ ਜਨਮ ਸਫਲਾ ਕਰ ਸਕਣਗੇ। ਅੱਜ ਲੋੜ ਹੈ ਮੱਖਣ ਸ਼ਾਹ ਲੁਬਾਣਿਆਂ ਦੀ ਜੋ ਕਿ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਕਰੀਬਨ ਅਲੋਪ ਹੋਏ ਲੜੀਦਾਰ ਸਰੂਪ ਨੂੰ ਮੁੜ ਉਜਾਗਰ ਕਰਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਲੈਣ ਦੇ ਪਾਤਰ ਬਣਨ ਲਈ ਅੱਗੇ ਆਉਣ।

# ਕੁਝ ਸ਼ੰਕਿਆਂ ਦੇ ਉੱਤਰ

ਕਈ ਗੁਰਸਿੱਖ ਵੀਰ-ਭੈਣਾਂ ਕਹਿੰਦੇ ਸੁਣੀਦੇ ਹਨ ਕਿ ਪਦਛੇਦ ਬੀੜ ਤੋਂ ਪਾਠ ਕਰਨਾ ਸੌਖਾ ਹੈ ਅਤੇ ਲੜੀਦਾਰ ਬੀੜ ਤੋਂ ਪਾਠ ਕਰਨਾ ਬਹੁਤ ਔਖਾ ਹੈ। ਇਹ ਦਲੀਲ ਦੇ ਕੇ ਉਹ ਵੀਰ ਭੈਣਾਂ ਪਦਛੇਦ ਬੀੜ ਦੀ ਹਿਮਾਇਤ ਕਰਦੇ ਹਨ। ਸਿੱਖ ਇਕ ਹੁਕਮੀ ਬੰਦਾ ਹੈ ਅਤੇ ਸਿੱਖ ਦਾ ਫ਼ਰਜ਼ ਹੈ ਕਿ ਉਹ ਗੁਰੂ ਸਾਹਿਬ ਦਾ ਹੁਕਮ ਕਮਾਉਣ ਲਈ ਤੱਤਪਰ ਰਹੇ, ਚਾਹੇ ਉਹ ਹੁਕਮ ਸੌਖਾ ਹੈ ਜਾਂ ਔਖਾ। ਪੁਰਾਤਨ ਗੁਰਸਿਖ ਜੋ ਸਾਡੇ ਲਈ ਪੂਰਨੇ ਪਾ ਗਏ ਹਨ ਉਹਨਾਂ ਮੁਤਾਬਕ ਤਾਂ ਆਪਣਾ ਇਹੋ ਹੀ ਫ਼ਰਜ਼ ਬਣਦਾ ਹੈ ਕਿ ਆਪਾਂ ਸਤਿਗੁਰਾਂ ਦੇ ਹੁਕਮਾਂ ਦੀ ਤਾਮੀਲ ਕਰੀਏ ਅਤੇ ਮਨਮਰਜ਼ੀ ਨਾਲ ਮੰਨਣ ਲਈ ਹੁਕਮਾਂ ਦੀ ਚੋਣ ਨਾ ਕਰੀਏ। ਇਸ ਦਲੀਲ ਨਾਲ ਕਿ ਪਦਛੇਦ ਬੀੜ ਤੋਂ ਪਾਠ ਕਰਨਾ ਸੌਖਾ ਹੈ, ਕਈ ਮੁਸ਼ਕਲਾਂ ਖੜੀਆਂ ਹੋ ਜਾਂਦੀਆਂ ਹਨ। ਜੇਕਰ ਆਪਾਂ ਆਪਣੀ ਸੁਖ-ਰਹਿਣੀ ਨੂੰ ਮੁੱਖ ਰੱਖ ਕੇ ਆਪਣੀ ਮਰਜ਼ੀ ਨਾਲ ਗੁਰਮਤਿ ਵਿੱਚ ਅਦਲਾ-ਬਦਲੀ ਕਰਨ ਲੱਗ ਪਏ ਤਾਂ ਆਉਣ ਵਾਲੇ ਭਵਿੱਖ ਵਿੱਚ ਸਿੱਖੀ ਦਾ ਰੂਪ ਅੱਜ ਨਾਲੋਂ ਬਿਲਕੁਲ ਹੀ ਵਖਰਾ ਹੋਵੇਗਾ। ਰਹੀ ਗੱਲ ਲੜੀਦਾਰ ਸਰੂਪ ਤੋਂ ਪਾਠ ਕਰਨ ਦੀ ਕਠਿਨਾਈ ਦੀ, ਇਹ ਗੱਲ ਕੁਝ ਹੱਦ ਤੱਕ ਠੀਕ ਹੈ ਕਿ ਲੜੀਦਾਰ ਸਰੂਪ ਤੋਂ ਪਾਠ ਕਰਨਾ ਔਖਾ ਹੈ ਪਰ ਇੰਨਾ ਔਖਾ ਵੀ ਨਹੀਂ ਜਿੰਨਾ ਕਿ ਸਮਝਿਆ ਜਾਂਦਾ ਹੈ। ਅਭਿਆਸ ਨਾਲ ਅਤੇ ਸਿਆਣੇ ਗਰਸਿੱਖਾਂ ਪਾਸੋਂ ਸੰਥਿਆ ਲੈਣ ਨਾਲ ਲੜੀਦਾਰ ਸਰੂਪ ਤੋਂ ਪਾਠ ਕਰਨ ਵਿੱਚ ਬਹੁਤ ਸੌਖਿਆਈ ਹੋ ਜਾਂਦੀ ਹੈ। ਸੰਥਿਆ ਦਾ ਫ਼ਾਇਦਾ ਇਹ ਹੁੰਦਾ ਹੈ ਕਿ ਪਾਠੀ ਗੁਰਬਾਣੀ ਦੇ ਸਹੀ ਬਿਸ਼ਰਾਮਾਂ ਅਤੇ ਉਚਾਰਣ ਵਿੱਚ ਵੀ ਪ੍ਰਬੀਨ ਹੋ ਜਾਂਦੇ ਹਨ। ਪਦਛੇਦ ਬੀੜ ਦੇ ਆਉਣ ਨਾਲ ਪਾਠੀਆਂ ਨੇ ਸੰਥਿਆ ਲੈਣੀ ਹੀ ਬੰਦ ਕਰ ਦਿੱਤੀ ਹੈ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਬਹੁਤ ਸਾਰੇ ਪਾਠੀ, ਗੁਰਬਾਣੀ ਦਾ ਅਸ਼ੁਧ ਉਚਾਰਣ ਕਰਦੇ ਹਨ ਅਤੇ ਉਹਨਾਂ ਨੂੰ ਸਹੀ ਬਿਸ਼ਰਾਮਾਂ ਦੀ ਕੋਈ ਸੋਝੀ ਨਹੀਂ ਹੁੰਦੀ।

ਇਕ ਹੋਰ ਦਲੀਲ ਪਦਛੇਦ ਦੇ ਹੱਕ ਵਿੱਚ ਇਹ ਦਿੱਤੀ ਜਾਂਦੀ ਹੈ ਕਿ ਪਦਛੇਦ ਬੀੜ ਦੀ ਹੋਂਦ ਕਾਰਨ ਸਿੱਖ ਜ਼ਿਆਦਾ ਪਾਠ ਕਰਨ ਲੱਗ ਪਏ ਹਨ। ਇਸ ਦਲੀਲ ਵਿੱਚ ਕਿੰਨਾ ਕੁ ਵਜ਼ਨ ਹੈ ਇਸ ਗੱਲ ਦਾ ਫ਼ੈਸਲਾ ਪਾਠਕ ਜਨ ਖ਼ੁਦ ਹੀ ਕਰ ਲੈਣ। ਅੱਜ ਦੇ ਸਿੱਖ ਤਾਂ ਪੁਰਾਤਨ ਗੁਰਸਿੱਖਾਂ ਨਾਲੋਂ ਕਈ ਗੁਣਾਂ ਘਟ ਪਾਠ ਕਰਦੇ ਹਨ। ਪੁਰਾਤਨ

ਸਿੰਘਾਂ ਵਿੱਚ ਸਿੱਖੀ ਸਪਿਰਿਟ ਵੀ ਇਸੇ ਕਰਕੇ ਹੀ ਅੱਜ ਦੇ ਸਿੱਖਾਂ ਨਾਲੋਂ ਜ਼ਿਆਦਾ ਸੀ ਕਿ ਉਹ ਗੁਰਬਾਣੀ ਦੇ ਬਹੁਤ ਅਭਿਆਸੀ ਤੇ ਰਸੀਏ ਹੁੰਦੇ ਸਨ। ਪੁਰਾਤਨ ਗੁਰਸਿੱਖਾਂ ਨੂੰ ਗੁਰਬਾਣੀ ਬਹੁਤ ਕੰਠ ਹੁੰਦੀ ਸੀ ਅਤੇ ਇਕ ਅਜਿਹਾ ਸਮਾਂ ਵੀ ਸੀ ਜਦੋਂ ਬਹੁਤੇ ਗੁਰਸਿੱਖ ਗੁਰਬਾਣੀ ਆਪਣੇ ਹੱਥੀਂ ਲਿਖਣ ਦੀ ਸਮਰੱਥਾ ਰਖਦੇ ਸਨ। ਅੱਜ ਆਪਣੀ ਜੋ ਹਾਲਤ ਹੈ ਉਸ ਵਲ ਦੇਖ ਕੇ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਆਪਾਂ ਬਹੁਤ ਗਿਰ ਗਏ ਹਾਂ ਅਤੇ ਪਾਠ ਕਰਨਾ ਤਾਂ ਇਕ ਪਾਸੇ ਰਿਹਾ ਆਪਾਂ ਤਾਂ ਬਾਹਰੀ ਰਹਿਤ ਦੇ ਜ਼ਰੂਰੀ ਅੰਗ ਜਿਵੇਂ ਕਿ ਕੇਸ ਰਖਣੇ, ਦਸਤਾਰ ਸਜਾਉਣੀ ਆਦਿ ਤੋਂ ਵੀ ਇਨਕਾਰੀ ਹੋਏ (ਆਕੀ ਹੋਏ) ਬੈਠੇ ਹਾਂ। ਪਤਾ ਨਹੀਂ ਕਿਹੜੀ ਚੜਦੀ ਕਲਾ ਹੋਈ ਹੈ ਪਦਛੇਦ ਕਰਨ ਨਾਲ। ਹਾਂ ਇਕ ਵਾਧਾ ਜ਼ਰੂਰ ਹੋਇਆ ਹੈ ਕਿ ਭਾੜੇ ਦੇ ਪਾਠੀਆਂ ਤੋਂ ਅਖੰਡ ਪਾਠ ਕਰਵਾਉਣ ਦੀ ਭਰਮਾਰ ਹੋ ਗਈ ਹੈ ਪਰ ਇਸ ਨੇ ਨਾ ਤਾਂ ਪਾਠ ਕਰਾਉਣ ਵਾਲਿਆਂ ਦਾ ਕੁਝ ਸੰਵਾਰਿਆ ਹੈ ਅਤੇ ਨਾ ਹੀ ਪਾਠੀਆਂ ਦਾ। ਕੌਮ ਧੱਕੇ ਖਾ ਰਹੀ ਹੈ। ਜੇਕਰ ਮੰਨ ਵੀ ਲਿਆ ਜਾਵੇ ਕਿ ਪਦਛੇਦ ਕਰਨ ਕਰਕੇ ਜ਼ਿਆਦਾ ਪਾਠ ਹੋਣੇ ਸ਼ੁਰੂ ਹੋ ਗਏ ਹਨ ਤਾਂ ਕੀ ਗੁਰੂ ਸਾਹਿਬ ਦੀ ਬਾਣੀ ਦੇ ਟੁਕੜੇ ਟੁਕੜੇ ਕਰਨ ਨੂੰ ਆਪਾਂ ਸਹੀ ਠਹਿਰਾ ਸਕਦੇ ਹਾਂ? ਕਦਾਚਿਤ ਨਹੀਂ! ਗੁਰੂ ਸਾਹਿਬ ਦੇ ਕੀਤੇ ਨੂੰ ਉਲਟਾ ਕੇ ਆਪਾਂ ਗੁਰੂ ਸਾਹਿਬ ਦੀ ਕਿਰਪਾ ਦੇ ਪਾਤਰ ਕਿਵੇਂ ਬਣ ਸਕਦੇ ਹਾਂ? ਕਦੀ ਵੀ ਨਹੀਂ ਬਣ ਸਕਦੇ।

ਕਈ ਵੀਰ ਕਹਿੰਦੇ ਸੁਣੀਦੇ ਹਨ ਕਿ ਪਦਛੇਦ ਕਰਨ ਨਾਲ ਸਿੱਖੀ ਦਾ ਪ੍ਰਚਾਰ ਜ਼ਿਆਦਾ ਹੋ ਸਕਦਾ ਹੈ। ਇਹ ਗੱਲ ਵੀ ਬਿਲਕੁਲ ਹੀ ਨਿਰਮੂਲ ਹੈ। ਬਹੁਤੀ ਦਲੀਲਬਾਜ਼ੀ ਦੀ ਲੋੜ ਨਹੀਂ, ਆਪਾਂ ਪਿਛਲੇ ੬੦-੭੦ ਸਾਲਾਂ ਵੱਲ ਝਾਤੀ ਮਾਰ ਕੇ ਦੇਖ ਲਈਏ ਕਿ ਪੰਥ ਦਾ ਕਿੰਨਾ ਕੁ ਵਾਧਾ ਗੁਰਬਾਣੀ ਦਾ ਪਦਛੇਦ ਕਰਨ ਕਰਕੇ ਹੋਇਆ ਹੈ। ਅਸਲੀਅਤ ਤਾਂ ਇਹ ਹੈ ਕਿ ਅੱਜ ਸਾਬਤ ਸੂਰਤ ਵਾਲਾ ਨੌਜਵਾਨ ਪੰਜਾਬ ਵਿੱਚ ਲਭਿਆਂ ਨਹੀਂ ਲਭਦਾ। ਕਿਹੜਾ ਪ੍ਰਚਾਰ ਹੋਇਆ ਹੈ ਪਦਛੇਦ ਕਰਨ ਨਾਲ? ਇਸਲਾਮ ਵਲ ਦੇਖੀਏ ਤਾਂ ਪਤਾ ਚਲਦਾ ਹੈ ਕਿ ਉਹਨਾਂ ਦਾ ਪ੍ਰਚਾਰ ਕੁਰਾਨ ਨੂੰ ਅਦਲਾ-ਬਦਲੀ ਕਰਕੇ ਜਾਂ ਹੋਰਨਾਂ ਭਾਸ਼ਾਵਾਂ ਵਿੱਚ ਉਲਥਾ ਕਰਵਾਉਣ ਕਰਕੇ ਨਹੀਂ ਹੋਇਆ। ਆਪਾਂ ਨੂੰ ਵੀ ਸਿੱਖੀ ਦੇ ਪ੍ਰਚਾਰ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਪਦਛੇਦ ਕਰਨ ਦੀ ਕੋਈ ਲੋੜ ਨਹੀਂ ਹੈ। ਲੋੜ ਹੈ ਸਾਨੂੰ ਆਪਣੀ ਮਨਮਤਿ ਨੂੰ ਛੇਦਤ ਕਰਨ ਦੀ ਅਤੇ ਆਪਣਾ ਜੀਵਨ ਉੱਚਾ ਕਰਨ ਦੀ ਤਾਂ ਕਿ ਆਪਣੇ ਉੱਪਰ ਗੁਰੂ ਸਾਹਿਬ ਦੀ ਰਹਿਮਤ ਹੋਵੇ ਅਤੇ ਉਹ ਸਾਡੇ ਪ੍ਰਚਾਰ ਦੇ ਯਤਨਾਂ ਨੂੰ ਭਾਗ ਲਾਉਣ।

# ਅੰਤਮ ਸ਼ਬਦ

ਆਪਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਸਾਹਿਬ ਦੀ ਕਿਰਪਾ ਤਦ ਹੀ ਹੋਵੇਗੀ ਜਦ ਆਪਾਂ ਗੁਰੂ ਸਾਹਿਬ ਦੇ ਹੁਕਮਾਂ ਨੂੰ ਅਤੇ ਭਾਣੇ ਨੂੰ ਸਤਿ ਸਤਿ ਕਰਕੇ ਮੰਨਾਂਗੇ। ਗੁਰਾਂ ਦਾ ਭਾਣਾ ਜਾਂ ਰਜ਼ਾ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੜੀਦਾਰ ਹੋਵੇ ਅਤੇ ਪੰਥ ਨੇ ਤਕਰੀਬਨ ੨੩੦ ਸਾਲ ਤੱਕ ਸਤਿਗੁਰਾਂ ਦੇ ਲੜੀਦਾਰ ਸਰੂਪ ਨੂੰ ਜਿਓਂ ਦਾ ਤਿਓਂ ਹੀ ਰਹਿਣ ਦਿੱਤਾ ਸੀ ਅਤੇ ਕਦੇ ਵੀ ਪਦਛੇਦ ਨਹੀਂ ਸੀ ਹੋਣ ਦਿੱਤਾ ਪਰ ਪਤਾ ਨਹੀਂ ਵੀਹਵੀਂ ਸਦੀ ਦੇ ਚੌਥੇ ਦਹਾਕੇ ਦੇ ਅੰਤ ਵਿੱਚ ਕਿਹੜੀ ਹਨੇਰੀ ਆਈ ਜਿਸ ਨੇ ਸਿੱਖਾਂ ਦੇ ਸਿਦਕ ਨੂੰ ਤਹਿਸ ਨਹਿਸ ਕਰ ਦਿੱਤਾ ਅਤੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬਾਣੀ ਨੂੰ ਪਦਛੇਦ ਭਾਵ ਕਿ ਖੰਡ-ਖੰਡ ਕਰਨ ਲਈ ਤਿਆਰ ਹੋ ਗਏ। ੧੯੩੦ ਤੋਂ ਪਹਿਲਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਾਂ ਇਕ ਪਾਸੇ ਰਿਹਾ, ਪੰਥ ਤਾਂ ਗੁਰਬਾਣੀ ਦੀਆਂ ਸੈਂਚੀਆਂ ਨੂੰ ਵੀ ਪਦਛੇਦ ਕਰਨ ਨੂੰ ਤਿਆਰ ਨਹੀਂ ਸੀ ਪਰ ਕਿੱਥੇ ਅੱਜ ਦਿਆਂ ਅਣਜਾਣ ਸਿੱਖਾਂ ਨੇ ਆਪਣੇ ਹੀ ਹੱਥੀਂ ਆਪਣੇ ਪਿਆਰੇ ਸਤਿਗੁਰਾਂ ਦੀ ਬਾਣੀ ਦੇ ਟੁਕੜੇ ਟੁਕੜੇ ਕਰ ਦਿੱਤੇ ਹਨ। ਅੱਜ ਸਿੱਖਾਂ ਦਾ ਸਾਰਾ ਤੇਜ ਗਵਾ ਲੈਣ ਦਾ ਸਭ ਤੋਂ ਵੱਡਾ ਕਾਰਨ ਆਪਣੇ ਹਥੀਂ ਪਦਛੇਦ ਕਰਕੇ, ਗੁਰਬਾਣੀ ਦੀ ਬੇਅਦਬੀ ਕਰਨ ਦਾ ਹੀ ਨਿਕਲਿਆ ਨਤੀਜਾ ਹੈ। ਅੱਜ ਸਿੱਖਾਂ ਦੀ ਉਹ ਹਾਲਤ ਹੈ ਜੈਸੀ ਕਿ ਇਤਿਹਾਸ ਵਿੱਚ ਕਦੇ ਵੀ ਨਹੀਂ ਸੀ ਹੋਈ। ਅੱਜ ਸਿੱਖ ਸਿੱਖੀ ਤੋਂ ਮੁਨਹਰਫ਼ (ਆਕੀ) ਹੋਏ ਬੈਠੇ ਹਨ। ਅੱਜ ਪੰਜਾਬ ਵਿੱਚ ਕੋਈ ਟਾਂਵਾਂ ਟਾਂਵਾਂ ਹੀ ਸਾਬਤ ਸੂਰਤ ਨੌਜਵਾਨ ਲਭਦਾ ਹੈ। ਇਹ ਠੀਕ ਹੈ ਕਿ ਪਹਿਲਾਂ ਵੀ ਸਿੱਖਾਂ ਉੱਪਰ ਗੰਭੀਰ ਤੋਂ ਗੰਭੀਰ ਸੰਕਟ ਆਉਂਦੇ ਰਹੇ ਹਨ ਪਰ ਉਹਨਾਂ ਸੰਕਟਾਂ ਵਿੱਚ ਸਿੱਖ ਆਪਣੀ ਸਿੱਖੀ ਵਿੱਚ ਪੂਰੇ ਸੂਰੇ ਹੀ ਰਹੇ ਸਨ ਅਤੇ ਗੁਰੂ ਸਾਹਿਬ ਦੀ ਕਿਰਪਾ ਤੋਂ ਸਿੱਖ ਕਦੇ ਵੀ ਵਾਂਝੇ ਨਹੀਂ ਸਨ ਹੋਏ ਕਿਉਂਕਿ ਪੂਰੇ ਗੁਰੂ (ਲੜੀਦਾਰ ਸਰੂਪ) ਦਾ ਹੱਥ ਉਹਨਾਂ ਗੁਰਸਿਖਾਂ ਦੇ ਸਿਰ ਉੱਪਰ ਹੁੰਦਾ ਸੀ, ਪਰ ਅੱਜ ਪੂਰੇ ਗੁਰੂ (ਲੜੀਦਾਰ ਸਰੂਪ) ਨੂੰ ਗੁਰੂ ਮੰਨਣ ਤੋਂ ਇਨਕਾਰੀ ਹੋਣ ਕਰਕੇ ਖ਼ਾਲਸੇ ਦਾ ਬਲ ਛੁੱਟ ਗਇਆ ਅਤੇ ਤੇਜ਼ ਖ਼ਤਮ ਹੋ ਗਿਆ ਹੈ। ਇਓਂ ਹੀ ਲਗਦਾ ਹੈ ਕਿ

ਸਿੱਖ ਗੁਰੂ ਸਾਹਿਬ ਦੀ ਕਿਰਪਾ ਤੋਂ ਸਖਣੇ ਹੋ ਗਏ ਹਨ। ਬਿਲਾ-ਸ਼ਕ, ਨਿਰਸੰਦੇਹ, ਇਹ ਸਭ ਕੁਝ ਹੋਣ ਦਾ ਵੱਡਾ ਅਤੇ ਮੁੱਢਲਾ ਕਾਰਨ ਇਹੋ ਹੈ ਕਿ ਆਪਾਂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਵਲੋਂ ਮੂੰਹ ਮੋੜ ਚੁੱਕੇ ਹਾਂ। ਆਪਾਂ ਨੂੰ ਚਾਹੀਦਾ ਹੈ ਕਿ ਆਪਾਂ ਤੁਰੰਤ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਸਤਿਗੁਰਾਂ ਦੇ ਤਖ਼ਤ ਉੱਪਰ ਸਥਾਪਤ ਕਰਨ/ਕਰਾਉਣ ਲਈ ਯਤਨਸ਼ੀਲ ਹੋਈਏ। ਫੇਰ ਹੀ ਗੁਰੂ ਸਾਹਿਬ ਦੀਆਂ ਖੁਸ਼ੀਆਂ ਸਾਨੂੰ ਪ੍ਰਾਪਤ ਹੋ ਸਕਣਗੀਆਂ ਅਤੇ ਤਾਂ ਹੀ ਪੰਥ ਦੀ ਚੜਦੀ ਕਲਾ ਹੋਵੇਗੀ।


ਇਥੇ ਗੁਰੂ ਅੰਗਦ ਦੇਵ ਜੀ ਦੇ ਸਮੇਂ ਦੀ ਇਕ ਸਾਖੀ ਦਾ ਜ਼ਿਕਰ ਕਰਨਾ ਅਢੁੱਕਵਾਂ ਨਹੀਂ ਹੋਵੇਗਾ। ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਵਿਖੇ ਸਸ਼ੋਭਿਤ ਹੋ ਕੇ ਸੰਗਤਾਂ ਨੂੰ ਤਾਰ ਰਹੇ ਸਨ। ਇਸੇ ਹੀ ਨਗਰ ਵਿੱਚ ਸ਼ਿਵਨਾਥ ਨਾਂ ਦਾ ਇਕ ਜੋਗੀ ਰਹਿੰਦਾ ਸੀ ਜੋ ਕਿ ਗੁਰੂ ਸਾਹਿਬ ਨਾਲ ਬਹੁਤ ਈਰਖਾ ਖਾਂਦਾ ਸੀ। ਇਸ ਜੋਗੀ ਨੇ ਕੁਝ ਭੋਲੇ ਭਾਲੇ ਸਿੱਖਾਂ ਨੂੰ ਭਰਮਾ ਕੇ ਅਤੇ ਚੁੱਕ-ਚੁਕਾ ਕੇ ਉਹਨਾਂ ਤੋਂ ਗੁਰੂ ਸਾਹਿਬ ਨੂੰ ਪਿੰਡੋਂ ਚਲੇ ਜਾਣ ਲਈ ਕਹਾ ਦਿਤਾ। ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਦੇ ਪਿੰਡੋਂ ਚਲੇ ਜਾਣ ਤੋਂ ਬਾਅਦ ਵਿੱਚ ਖਡੂਰ ਸਾਹਿਬ ਦਿਆਂ ਵਸਨੀਕਾਂ ਨੇ ਦੁੱਖ ਹੀ ਦੁੱਖ ਪਾਇਆ ਅਤੇ ਬਾਅਦ ਵਿੱਚ ਜਦੋਂ ਇਹਨਾਂ ਸਿੱਖਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤਾਂ ਉਹਨਾਂ ਨੇ ਬੇਨਤੀਆਂ ਕਰਕੇ ਗੁਰੂ ਸਾਹਿਬ ਨੂੰ ਵਾਪਿਸ ਪਿੰਡ ਲਿਆਂਦਾ। ਬਿਲਕੁਲ ਇਸੇ ਤਰਾਂ ਹੀ ਅੱਜ ਹੋਇਆ ਹੈ। ਗੁਮਰਾਹ ਹੋਏ, ਭੋਲੇ ਭਾਲੇ ਸਿੱਖਾਂ ਨੇ ਪੂਰੇ ਗੁਰੂ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ - ਨੂੰ ਗੁਰਦੁਆਰਾ ਸਾਹਿਬਾਨ ਵਿਚੋਂ ਬਾਹਰ ਕੱਢ ਦਿਤਾ ਹੈ। ਸਮਾਂ ਆਉਣ ਤੇ, ਜਦੋਂ ਸਿੱਖਾਂ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਵੇਗਾ ਤਾਂ ਸਚੇ ਗੁਰੂ ਨੂੰ ਜ਼ਰੂਰ ਬਰ ਜ਼ਰੂਰ ਗੁਰਦੁਆਰਾ ਸਾਹਿਬਾਨ ਵਿੱਚ ਆਉਣ ਲਈ ਬੇਨਤੀਆਂ ਕਰਨਗੇ। ਉਸ ਸਮੇਂ ਦੇ ਸਿਖਾਂ ਨੂੰ ਤਾਂ ਥੋੜੇ ਦਿਨਾਂ ਵਿੱਚ ਹੀ ਇਹਸਾਸ ਹੋ ਗਿਆ ਸੀ ਕਿ ਗੁਰੂ ਸਾਹਿਬ ਨੂੰ ਖਡੂਰ ਸਾਹਿਬ ਵਿੱਚੋਂ ਕੱਢ ਕੇ ਉਹਨਾਂ ਨੇ ਬਹੁਤ ਵੱਡੀ ਗ਼ਲਤੀ ਕੀਤੀ ਸੀ ਪਰ ਅੱਜ ਦਿਆਂ ਸਿੱਖਾਂ ਨੂੰ ੬੫ - ੭੦ ਸਾਲਾਂ ਬਾਅਦ ਵੀ ਮਹਿਸੂਸ ਨਹੀਂ ਹੋਇਆ ਜਾਪਦਾ ਕਿ ਉਹਨਾਂ ਨੇ ਕਿੱਡੀ ਵੱਡੀ ਗ਼ਲਤੀ ਕੀਤੀ ਹੋਈ ਹੈ।

ਅਖ਼ੀਰ ਵਿੱਚ ਅਸੀਂ ਸਭ ਵੀਰਾਂ ਭੈਣਾਂ, ਜੋ ਪੰਥ ਵਾਸਤੇ ਦਰਦ ਰਖਦੇ ਹਨ ਅਤੇ ਪੰਥ ਨੂੰ ਚੜ੍ਹਦੀ ਕਲਾ ਵਿਚ ਦੇਖਣਾ ਲੋਚਦੇ ਹਨ, ਨੂੰ ਅਪੀਲ ਕਰਦੇ ਹਾਂ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਲੀ ਸਰੂਪ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਗੱਦੀ ਦਿੱਤੀ ਸੀ, ਨੂੰ ਉਜਾਗਰ ਕਰਨ ਲਈ ਉੱਦਮ ਕਰਨ। ਜਿਸ ਤਰ੍ਹਾਂ ਮੱਖਣ ਸ਼ਾਹ ਲੁਬਾਣੇ ਨੇ ਸਤਿਗੁਰੂ ਸੱਚੇ ਪਾਤਸ਼ਾਹ, ਹਿੰਦ ਦੀ ਚਾਦਰ,

ਬੜੋ ਸਾਕਾ ਕਰਨ ਵਾਲੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਉਜਾਗਰ ਕਰਕੇ ਆਪਣਾ ਲੋਕ ਪਰਲੋਕ ਸਫਲ ਕੀਤਾ ਸੀ, ਅਸੀਂ ਵੀ ਇਸ ਸੱਚੀ ਸੁੱਚੀ ਸੇਵਾ ਲਈ ਉੱਦਮ ਕਰਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ। ਆਉ ਅੱਜ ਤੋਂ ਆਪਾਂ ਇਸ ਪਓੜੇ ਤੋਂ ਕਾਰਜ ਆਰੰਭ ਕਰੀਏ ਕਿ ਆਪਣੇ ਘਰਾਂ ਦੇ ਹਰ ਤਰ੍ਹਾਂ ਦੇ ਗੁਰਮਤਿ ਸਮਾਗਮ ਦੇ ਮੌਕੇ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦਾ ਪ੍ਰਕਾਸ਼ ਹੀ ਕਰੀਏ ਅਤੇ ਹੋਰ ਜਿਨ੍ਹਾਂ ਵੀ ਸਮਾਗਮਾਂ ਵਿੱਚ ਸ਼ਿਰਕਤ ਕਰੀਏ ਉਥੇ ਪ੍ਰਬੰਧਕਾਂ ਨੂੰ ਪ੍ਰੇਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦਾ ਹੀ ਪ੍ਰਕਾਸ਼ ਕਰਵਾਈਏ ਅਤੇ ਇਸ ਬਿੱਧ ਖਾਲਸਾ ਪੰਥ ਦੀ ਚੜਦੀ ਕਲਾ ਲਈ ਯੋਗਦਾਨ ਪਾਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ "ਇਹਲੋਕਸੁਖੀਏਪਰਲੋਕਸੁਹੇਲੇ" ਬਣਾ ਲੈਣ ਦੇ ਪਾਤਰ ਬਣੀਏ।


**ਮਨਕੀਮਤਿਤਿਆਗਹੁਹਰਿਜਨਹੁਕਮੁਬੂਝਿਸੁਖੁਪਾਈਐਰੇ॥**

**-ਸਮਾਪਤਮ-**



੧੪੦੬

ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥ ੧ ॥ ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ
ਬਾਸੁਰ ਹਰਿ ਚਰਨ ਨਿਵਾਸੁ ॥ ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ ਤੁਮ ਮਲੀਆਗਰ ਪ੍ਰਗਟ
ਧ੍ਰੂ ਪ੍ਰਹਿਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜੵੋ ਜੁ ਪ੍ਰਗਾਸੁ ॥ ਜਿਹ ਪਿਖਤ ਅਤਿ ਹੋਇ ਰਹਸੁ ਮਨਿ
ਸੰਹਾਰੁ ਗੁਰੂ ਰਾਮਦਾਸੁ ॥੨॥ ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥
ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀਨੀ ਵਰਖਾਈ ॥ ਗੁਰ ਅਮਰਦਾਸ ਕੀ
ਇਕ ਜੀਹ ਕਛੁ ਕਹੀ ਨ ਜਾਈ ॥ ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ
॥ ੩ ॥ ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥ ਮਾਯਾ ਮੋਹ ਭਰਮ
ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥ ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ
॥ ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥ ੪ ॥ ੫੮ ॥ ਮੋਹੁ ਮਲਿ
ਕੀਅਉ ਕਾਮੁ ਗਹਿ ਕੇਸ ਪਛਾੜੵਉ ॥ ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜੵਉ ॥ ਜਨਮੁ
ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥ ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ ॥ ਸਿਰਿ ਆਤਪਤੁ ਸਚੌ
ਭੋਗ ਸੰਜੁਤੁ ਬਲਿ ॥ ਗੁਰ ਰਾਮਦਾਸ ਸਚੁ ਸਲੵ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥ ੧ ॥ ਤੂ ਸਤਿਗੁਰੁ
ਜੁਗੀ ਆਪਿ ਆਪੇ ਪਰਮੇਸਰੁ ॥ ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥ ਆਦਿ ਜੁਗਾਦਿ
ਧਾਰੀ ਤ੍ਰਿਹੁ ਲੋਅਹ ॥ ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ ॥ ਗੁਰ ਅਮਰਦਾਸਿ ਥਿਰੁ
ਪਰਗਾਮੀ ਤਾਰਣ ਤਰਣ ॥ ਅਘ ਅੰਤਕ ਬਦੈ ਨ ਸਲੵ ਕਵਿ ਗੁਰ ਰਾਮਦਾਸ ਤੇਰੀ ਸਰਣ ॥੨॥੬੦॥



੧੪੦੬

ਗੵਾਨ ਪ੍ਰਗਟੁ ਉਜੀਆਰਉ ਦੁਖ ਦਰਿਦ੍ਰ ਅੰਧੵਾਰ ਕੋ ਨਾਸੁ ॥ ਕਵਿ ਕੀਰਤ ਜੋ ਸੰਤ ਚਰਨ ਮੁੜਿ
ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥ ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ
ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥ ਜਿਵ ਅੰਗਦੁ ਅੰਗਿ ਸੰਗਿ ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥ ਤਾ ਤੇ
ਰਾਮਦਾਸੁ ॥ ੧ ॥ ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥ ਤਾ ਤੇ
ਸਘਨ ਭਾਇ ਭਉ ਮਾਨਹਿ ਤੁਮ ਮਲੀਆਗਰ ਪ੍ਰਗਟ ਸੁਬਾਸੁ ॥ ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ
ਉਪਜੵੋ ਜੁ ਪ੍ਰਗਾਸੁ ॥ ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥ ੨ ॥
ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥ ਤਾ ਤੇ ਅੰਗਦੁ ਅੰਗ ਸੰਗਿ ਭਯੋ
ਸਬਦ ਸੁਰਤਿ ਕੀ ਨੀਵ ਰਖਾਈ ॥ ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ ॥
ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥ ੩ ॥ ਹਮ ਅਵਗੁਣਿ ਭਰੇ
ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥ ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥ ਇਕ ਅਰਦਾਸਿ ਭਾਟ ਕੀਰਤਿ
ਰਾਮਦਾਸ ਰਾਖਹੁ ਸਰਣਾਈ ॥ ੪ ॥ ੫੮ ॥ ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜੵਉ
ਰਾਮਦਾਸ ਰਾਖਹੁ ਸਰਣਾਈ ॥ ੪ ॥ ੫੮ ॥ ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥
ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜੵਉ ॥ ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥
ਬੰਧਿਅਉ ਸਿਖ ਤਾਰੇ ਸੁਪ੍ਰਸੰਨੈ ॥ ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥ ਗੁਰ ਰਾਮ
ਸਲੵ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥ ੧ ॥ ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥
ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥ ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ ॥
ਉਧਰਣ ਜਰਾ ਜੰਮਿਹਿ ਆਰੋਅਹ ॥ ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ ॥
ਬਦੈ ਨ ਸਲੵ ਕਵਿ ਗੁਰ ਰਾਮਦਾਸ ਤੇਰੀ ਸਰਣ ॥ ੨ ॥ ੬੦ ॥

ੴ ਸਤਿਗੁਰ ਪ੍ਰਸਾਦਿ ॥

ਸਵਈਏ ਮਹਲੇ ਪੰਜਵੇ ਕੇ ੫

ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥ ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥ ਸਤਿਗੁਰ

ਉਪਰੋਕਤ ਦੋ ਸਰੂਪਾਂ ਦੇ ੧੪੦੬ ਅੰਗ ਵਿਚ ਦਰਜ ਪੰਕਤੀ 'ਸਬਦਸੁਰਤਿਕੀਨੀਵਰਖਾਈ' ਦੇ

ਪਦਛੇਦ ਵਿਚ ਅੰਤਰ ਹੈ। ਕਿਸ ਸਰੂਪ ਨੂੰ ਪ੍ਰਮਾਣਿਤ ਮੰਨਿਆ ਜਾਵੇ ?

**ਗੁਰਮਤਿ ਵਿਦਿਆ ਕੇਂਦਰ**
੯੬੫੮ ਗੌਰਵੇ ਡਰਾਈਵ ਬ੍ਰੈਂਪਟਨ, ਓਂਟਾਰੀਓ, ਕੈਨੇਡਾ
ਫੋਨ: ੯੦੫-੭੯੯-੮੩੮੩

# ਖ਼ਾਲਸੇ ਦਾ ਗੁਰੂ ਕੌਣ

ਤੱਤ ਗੁਰਮਤਿ ਨਿਰਣੈ